ਕੈਨੇਡਾ ਦਰਪਣ

ਦਸੰਬਰ 1, 1982

December 1, 1982

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਪੰਜਾਬੀ ਪੰਦਰਾ-ਰੋਜ਼ਾ ਅਖ਼ਬਾਰ

25¢

ਕੈਨੇਡਾ ਦਰਪਣ

Publisher: ASIA BOOK COMPANY LTD.

Vol. 1, No. 3 December 1, 1982

PHONE: 324-6111

THE CANADA DARPAN
PUNJABI BI-WEEKLY

ADDRESS:
P.O. BOX 67344 STN. 'O'
VANCOUVER, B.C. V5W 3T1
CANADA

Hon. Editor DARSHAN GILL
Ph. (604) 321-6360

GOYAL : THE VIDEO KING

4160 & 4156 FRASER ST., VANCOUVER, B.C. V5V 4E8

PHONE: 873-8308 • 873-8309

Proudly announce a grand sale on VIDEO PRODUCTS

8-Hour Home Video Cassette Recorder



PV-1265K

NOW. FOR ONLY $ 699.00

8 - Hour Home / Portable programmable Video Cassette Recorder

NOW. FOR ONLY $ 1375.00

PV-5500K

8-Hour Home Video Cassette Recorder



NOW. FOR ONLY $ 850.00

Released or Realeasing

JOHNY, I love You

Starring **Sunjay Dutt**(Rocky),Rati Agnihotri

SEHTI MURAD (Punjabi) Meher Mittel

MERA KHOON (PAKISTANI PUNJABI)

GIRL FROM INDIA (In Hindi)

K. ASIF'S

HULCHUL Dilip Kumar & Nargis

Dharmandra in Samrat Dev ANAND is

HIT FILMS MAYA & PYAR MUHABAT

SUNIL DUTT & JATENDERA'S UMAR

KAID SHAMMI KAPOOR'S HIT

MAIL ORDERS ACCEPTED

We've the Biggest Selection of Hindi/Punjabi Video Movies

For More Information, Please Ph. at(604) 873—8308

We Sell TOSHIBA, SALVANIA, FISHER AND SANYO VIDEO MACHINES

MANN MUSIC & VIDEO

6512 MAIN ST (49Th AVE)

VANCOUVER B.C.

V5K 1A5

ਸ਼ਬਦ, ਧਾਰਮਿਕ ਗੀਤ, ਲੋਕ ਗੀਤ, ਪੰਜਾਬੀ ਜਾਂ ਹਿੰਦੀ ਫਿਲਮੀ ਗੀਤ, ਗਜ਼ਲਾ, ਕਵਾਲੀਆ, ਮਾਤਾ ਦੀਆਂ ਭੇਂਟਾ, ਢਾਡੀਆ ਦੀਆਂ ਵਾਰਾਂ, ਜਾਂ ਫਿਰ ਆਪਣੀ ਮਨਮਰਜ਼ੀ ਦੇ ਗੀਤਾਂ ਦੀਆਂ ਟੇਪਾਂ ਭਰਵਾਉਣ ਲਈ ਹਮੇਸ਼ਾ

ਮਾਨ ਮਿਊਜ਼ਿਕ ਦਾ ਨਾਂ ਚੇਤੇ ਰੱਖੋ

"You Name It We Have It"

ਨਵੀਂਆਂ ਤੇ ਪੁਰਾਣੀਆਂ ਵੀਡੀਓ ਫਿਲਮਾਂ ਬਹੁਤ ਹੀ ਕਲੀਅਰ ਪ੍ਰਿੰਟਾਂ ਵਿਚ ਸਾਥੋਂ ਖਰੀਦੋ (ਨੋਟ:—ਹਰ ਵੀਕ 3 ਜਾਂ 4 ਨਵੀਆਂ ਫਿਲਮਾਂ Release ਹੁੰਦੀਆਂ ਹਨ)

GUARNTEED GOOD PRINTS ON NEW VIDEO CASSETTS

"We Stand For Qality"

MAIL ORDERS ACCEPTED

ਸਾਡੇ ਵਧੀਆ ਵੀਡੀਓ ਫਿਲਮਾਂ ਦੇ Print ਅਤੇ ਗਾਣਿਆਂ ਦੀਆਂ ਵਧੀਆਂ ਕੁਆਲਟੀ ਦੀਆਂ ਟੇਪਾਂ ਦੀ ਪੂਰੇ CANADA ਵਿਚ ਚਰਚਾ ਹੈ

ਆਓ ਤੇ ਅਜਮਾਓ

ਇੰਡੀਆਂ ਦੀ ਬਿਜਲੀ ਤੇ ਚਲਣ ਵਾਲੇ Radio Taperecordes,ਮਸਾਲਾ ਪੀਹਣ ਲਈ Blebder and Mill, ਕਪੜੇ ਪ੍ਰੈਸ ਕਰਨ ਵਾਲੀ ਇਸਤ੍ਰੀ, ਇੰਡੀਆਂ ਦੀ ਬਿਜਲੀ ਬਦਲਣ ਵਾਲੇ Converters, Cassett Adapters,Walkmens, ਸਸਤੀਆਂ ਕੀਮਤਾਂ ਵਿਚ ਖਰੀਦੋ

ਦੁਕਾਨਦਾਰ ਭਰਾ ਨੋਟ ਕਰੋ, ਗਾਣਿਆਂ ਦੀਆਂ ਟੇਪਾਂ ਜਾਂ ਵੀਡੀਓ ਫਿਲਮਾਂ ਹੋਲਸੇਲ ਵਿਚ ਸਸਤੀਆਂ ਕੀਮਤਾਂ ਵਿਚ ਤੇ ਵਧੀਆ ਕੁਆਲਟੀ ਵਿਚ ਸਾਡੇ ਕੋਲੋ ਮਿਲ ਸਕਦੀਆਂ ਹਨ ।

Store ਹਫਤੇ ਦੇ ਸੱਤੇ ਦਿਨ ਖੁਲ੍ਹਦਾ ਹੈ । ਹੋਰ ਜਾਣਕਾਰੀ ਲਈ

ਗੁਰਪਾਲ ਮਾਨ ਨੂੰ ਫੋਨ ਕਰੋ

(604)321-6667

ਗੁਰਪਾਲ ਮਾਨ

ਮਾਨ ਫੋਟੋ ਸਟੂਡੀਓ

ਪੰਜਾਬੀ ਮਾਰਕਿਟ ਵਿਚ ਫੋਟੋ ਦਾ ਇਕ ਸਟੂਡੀਓ ਮਾਨ ਮਿਊਜ਼ਿਕ ਐਂਡ ਵੀਡੀਓਜ਼ ਦੀ ਦੁਕਾਨ ਦੇ ਵਿਚ ਹੈ

* ਪਾਸਪੋਰਟ ਫੋਟੋ ਰੰਗਦਾਰ ਜਾਂ ਬਲੈਕ ਐਂਡ ਵਾਈਟ ਸਿਰਫ 5 ਮਿੰਟ ਵਿਚ ਖਿਚਾਓ
* ਵਿਆਹ ਦੇ ਮੌਕੇ ਲਈ ਜਾਂ ਕਿਸੇ ਹੋਰ ਮੌਕੇ ਤੇ ਫੋਟੋ ਖਿਚਾਉਣ ਲਈ ਜਾਂ ਵੀਡੀਓ Movie ਬਣਾਉਣ ਲਈ ਮਾਨ ਫੋਟੋ ਸਟੂਡੀਓ ਤੇ ਦਰਸ਼ਨ ਦਿਓ ।

ਨੋਟ :—(ਵਿਆਹ ਦੀ ਮੂਵੀ ਬਣਾਉਣ ਤੇ ਮੂਵੀ ਪਿੱਛੇ ਵਿਆਹ ਦੇ ਗਾਣੇ ਵੀ ਭਰ ਕੇ ਦਿਤੇ ਜਾਣਗੇ ਬਗੈਰ ਕਿਸੇ extra cost ਦੇ)

ਹੋਰ ਜਾਣਕਾਰੀ ਲਈ ਫੋਨ ਕਰੋ :—

321-6667

ਅਕਾਲੀ ਮੁਜ਼ਾਹਰੇ ਤੇ ਗ੍ਰਿਫਤਾਰੀਆਂ ਦਿੱਲੀ ਵਿਚ ਜਾਰੀ

ਨਵੀਂ ਦਿੱਲੀ: ਅਕਾਲੀ ਆਪਣੀਆਂ ਧਾਰਮਿਕ ਤੇ ਰਾਜਸੀ ਮੰਗਾਂ ਮਨਾਉਣ ਲਈ ਦਿੱਲੀ ਵਿਚ ਮੁਜ਼ਾਹਰੇ ਤੇ ਗ੍ਰਿਫਤਾਰੀਆਂ ਜਾਰੀ ਰੱਖ ਰਹੇ ਹਨ। ਇਸ ਪਿਛੇ ਮੰਤਵ ਇਹ ਹੈ ਕਿ ਏਸ਼ੀਅਨ ਖੇਡਾਂ ਦੇ ਮੌਕੇ ਦੂਜੇ ਏਸ਼ੀਆ ਦੇ ਦੇਸ਼ਾਂ ਨੂੰ ਵੀ ਪਤਾ ਲੱਗ ਸਕੇ ਕਿ ਅਕਾਲੀਆਂ ਦੀਆਂ ਕੀ ਮੰਗਾਂ ਹਨ ਤੇ ਉਹ ਕਿਸ ਮਨੋਰਥ ਲਈ ਇਹ ਮੁਜ਼ਾਹਰੇ ਰੱਖ ਰਹੇ ਹਨ। ਅਕਾਲੀ ਲੀਡਰਾਂ ਅਨੁਸਾਰ ਇਹ ਚੱਕਰ ਦੋ ਹਫਤੇ ਜਾਰੀ ਰਹੇਗਾ।

ਸਰਕਾਰੀ ਸੂਤਰਾਂ ਅਨੁਸਾਰ ਦੇਸ਼ ਦੀ ਰਾਜਧਾਨੀ ਵਿਚ ਸਖਤ ਹਿਫਾਜ਼ਤੀ ਨਿਗਰਾਨੀ ਹੈ ਪਰ ਪੁਲੀਸ ਅਨੁਸਾਰ ਮੁਜ਼ਾਹਰੀਨਾਂ ਨੂੰ ਮਜ਼ਬੀ ਤੌਰ ਤੇ ਤਲਵਾਰਾਂ ਤੇ ਨੇਜ਼ੇ ਆਦਿ ਰੱਖਣ ਦੀ ਖੁਲ੍ਹ ਹੈ ਕਿਉਂਕਿ ਇਹ ਸਿੱਖ ਮਜ਼ਬ ਦੇ ਚਿੰਨ੍ਹ ਹਨ।

ਅਕਾਲੀਆਂ ਦਾ ਨਰਮ ਧੜਾ ਸਮਝੌਤੇ ਲਈ ਦਿਲੋਂ ਇੱਛਕ

ਅੰਮ੍ਰਿਤਸਰ, ਦੇ ਅਕਾਲੀ ਹੈਡ ਕੁਆਟਰਜ਼ ਵਿਚ ਸੰਤ ਲੌਂਗੋਵਾਲ ਪ੍ਰਧਾਨ ਅਤੇ ਡਿਕਟੇਟਰ ਅਕਾਲੀ ਮੋਰਚਾ ਨੂੰ ਛਡ ਕੇ ਲਗਭਗ ਸਾਰੇ ਅਕਾਲੀ ਲੀਡਰ ਦਿੱਲੀ ਜਾਂ ਚੰਡੀਗੜ੍ਹ ਪਹੁੰਚ ਗਏ ਹਨ ਅਤੇ ਹੁਣ ਦਿੱਲੀ ਅਕਾਲੀ ਸਰਗਰਮੀਆਂ ਦਾ ਗੜ੍ਹ ਬਣ ਗਿਆ ਹੈ। ਅਕਾਲੀ ਲੀਡਰ ਆਪਣੀਆਂ ਮੰਗਾਂ ਦੇ ਬਾਰੇ ਸਰਕਾਰ ਨਾਲ ਸਮਝੌਤੇ ਦੀ ਵੀ ਆਸ ਲਾਈ ਬੈਠੇ ਹਨ ਪਰ ਨਾਲ ਹੀ ਮੋਰਚਾ ਤੇਜ਼ ਕਰਨ ਦੀਆਂ ਧਮਕੀਆ ਵੀ ਦੇ ਰਹੇ ਹਨ। ਇਹ ਹਕੀਕਤ ਹੈ ਕਿ ਅਕਾਲੀ ਦਲ ਦਾ ਨਰਮ ਧੜਾ ਮੋਰਚਾਬਾਜ਼ੀ ਤੋਂ ਤੰਗ ਹੈ ਅਤੇ ਉਸ ਦੀ ਦਿਲੀ ਇਛਾ ਹੈ ਕਿ ਸਮਝੌਤਾ ਹੋ ਜਾਵੇ

ਅਤਿਵਾਦੀ ਅਕਾਲੀ, ਜਿਨ੍ਹਾਂ ਦਾ ਸੰਬੰਧ ਤਲਵੰਡੀ ਅਤੇ ਸੰਤ ਭਿੰਡਰਾਂਵਾਲੇ ਦੇ ਜਥਿਆਂ ਨਾਲ ਹੈ, ਸਰਕਾਰ ਨਾਲ ਟੱਕਰ ਲੈਣ ਲਈ ਤਿਆਰ ਹਨ ਅਤੇ ਅਜਿਹਾ ਲਗਦਾ ਹੈ ਕਿ ਜੇ ਅਕਾਲੀ ਦਲ ਨੇ ਧਾਰਮਿਕ ਮੰਗਾਂ ਮੰਨੀਆਂ ਜਾਣ ਤੇ ਮੋਰਚਾ ਖਤਮ ਕਰ ਦਿੱਤਾ ਤਾਂ ਤਲਵੰਡੀ ਅਕਾਲੀ ਦਲ ਬਗਾਵਤ ਕਰਕੇ ਲੌਂਗੋਵਾਲ ਦੀ ਲੀਡਰਸ਼ਿਪ ਦੇ ਵਿਰੁਧ ਮੈਦਾਨ ਵਿਚ ਆ ਜਾਵੇਗਾ ਅਤੇ ਇਸ ਮਾਮਲੇ ਵਿਚ ਸੰਤ ਭਿੰਡਰਾਂਵਾਲੇ ਦੀ ਵੀ ਹਮਾਇਤ ਹਾਸਲ ਕਰੇਗਾ।

ਅਕਾਲੀ ਹਲਕਿਆਂ ਅਨੁਸਾਰ ਪੰਜਾਬ ਦੇ ਵਖ-ਵਖ ਸ਼ਹਿਰਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਅਕਾਲੀ ਵਰਕਰ ਦਿੱਲੀ ਪਹੁੰਚ ਚੁੱਕੇ ਹਨ। ਦੂਜੇ ਪਾਸੇ ਦਿੱਲੀ ਵਿਚ ਗੜਬੜ ਕਰਵਾਉਣ ਲਈ ਅਤਿਵਾਦੀ ਵੀ ਭਾਰੀ ਗਿਣਤੀ ਵਿਚ ਦਿੱਲੀ ਪਹੁੰਚ ਚੁੱਕੇ ਹਨ। ਦਸਿਆ ਜਾਂਦਾ ਹੈ ਕਿ ਦਿੱਲੀ ਦੇ ਅਕਾਲੀਆਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਉਹ ਜਲੂਸ ਅਤੇ ਵਿਖਾਵੇ ਵਿਚ ਸ਼ਾਮਲ ਹੋਣ ਵਾਲਿਆ ਨੂੰ ਕਿਰਪਾਨਾਂ ਮੁਹਈਆਂ ਕਰਨ। ਕਿਉਂਕਿ ਅਕਾਲੀਆਂ ਦਾ ਸਾਰਾ ਧਿਆਨ ਦਿੱਲੀ ਵਲ ਲਗਾ ਹੋਇਆ ਹੈ, ਇਸ ਲਈ ਅੰਮ੍ਰਿਤਸਰ ਦਾ ਮੋਰਚਾ ਢਿੱਲਾ ਪੈ ਗਿਆ ਹੈ।

ਪੌਂਡ ਟੁੱਟਿਆ ਰੁਪਿਆ ਮਹਿੰਗਾ

ਬੰਬਈ, (ਯੂ. ਐਨ. ਆਈ.) —ਰਿਜ਼ਰਵ ਬੈਂਕ ਨੇ ਰੁਪਏ ਦੀ ਕੀਮਤ ਵਿਚ 1.3 ਫੀਸਦੀ ਵਾਧਾ ਕਰਨ ਦਾ ਐਲਾਨ ਕੀਤਾ। ਇਸ ਦੇ ਨਤੀਜੇ ਪੌਂਡ ਸਟਰਲਿੰਗ ਦੀ ਕੀਮਤ 20 ਪੈਸੇ ਟੁੱਟ ਗਈ। ਰਿਜ਼ਰਵ ਬੈਂਕ ਨੇ ਹੁਣ ਪੌਂਡ ਦੀ ਵਿਚਕਾਰਲੀ ਕੀਮਤ 16 ਰੁਪਏ ਮਿੱਥੀ ਹੈ ਜਦ ਕਿ ਪਹਿਲਾਂ ਇਹ 16.20 ਰੁਪਏ ਸੀ।

ਲਾਲਾ ਲਾਜਪਤ ਰਾਏ ਦਾ ਸ਼ਹੀਦੀ ਦਿਵਸ ਮਨਾਇਆ ਗਿਆ

ਮੋਗਾ :ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦਾ 54 ਵਾਂ ਸ਼ਹੀਦੀ ਦਿਨ ਅਜ ਉਨ੍ਹਾਂ ਦੇ ਜਨਮ ਅਸਥਾਨ ਢੁਡੀਕੇ ਵਿਖੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਢੁਡੀਕੇ ਵਿਖੇ ਆਯੋਜਿਤ ਇਕ ਜਨਸਭਾ 'ਚ ਬਹੁਤ ਸਾਰੇ ਨੇਤਾਵਾਂ ਨੇ ਲਾਲਾ ਜੀ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਸ਼ਰਧਾਂਜਲੀ ਅਰਪਿਤ ਕਰਨ ਵਾਲਿਆਂ 'ਚ ਲਾਲਾ ਲਾਜਪਤ ਰਾਏ ਜਨਮ ਅਸਥਾਨ ਯਾਦਗਾਰੀ ਕਮੇਟੀ ਦੇ ਸਕੱਤਰ ਸ੍ਰੀ ਸਤਪਾਲ ਗਰੇਵਰ, ਅਜਾਇਬ ਸਿੰਘ ਸਰਪੰਚ ਆਦਿ ਸ਼ਾਮਿਲ ਸਨ। ਇਸ ਮੌਕੇ ਤੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਦੇਸ਼ ਭਗਤੀ ਦੇ ਗੀਤਾਂ ਦਾ ਅਤੇ ਭਾਸ਼ਣ ਮੁਕਾਬਲਾ ਵੀ ਕਰਵਾਇਆ ਗਿਆ। ਮੌਸਮ ਖਰਾਬ ਹੋਣ ਦੇ ਬਾਵਜੂਦ ਭਾਰੀ ਗਿਣਤੀ 'ਚ ਲੋਕ ਲਾਲਾ ਜੀ ਦੇ ਜਨਮ ਅਸਥਾਨ ਤੇ ਸ਼ਰਧਾਜਲੀ ਅਰਪਿਤ ਕਰਨ ਲਈ ਪੁਜੇ।

ਇਕ ਹੋਰ ਫੌਜੀ ਹਥਗੋਲਾ ਬਰਾਮਦ

ਮੋਗਾ, (ਐਸ) —ਪੁਲਿਸ ਨੇ ਉਸ ਝੌਂਪੜੀ ਤੋਂ ਇਕ ਹੋਰ ਫੌਜੀ ਹੱਥਗੋਲਾ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ ਜਿਥੇ ਕਿ ਬੀਤੇ ਦਿਨ ਕਥਿਤ ਅੱਤਵਾਦੀ ਭੋਲਾ ਸਿੰਘ ਅਤੇ ਕਸ਼ਮੀਰਾ ਸਿੰਘ ਪੁਲਿਸ ਮੁਕਾਬਲੇ ਵਿਚ ਹਲਾਕ ਹੋ ਗਏ ਸਨ। ਪੁਲਿਸ ਬੁਲਾਰੇ ਨੇ ਪੱਤਰਕਾਰਾਂ ਨੂੰ ਦਸਿਆ ਕਿ ਪੁਲਿਸ ਨੂੰ ਇਸ ਝੌਂਪੜੀ 'ਚੋਂ ਹੁਣ ਤਕ 4 ਫੌਜੀ ਹਥਗੋਲੇ, ਇਕ ਦੇਸੀ ਬੰਬ, 12 ਬੋਰ ਦੀ ਇਕ ਦੇਸੀ ਪਿਸਤੌਲ ਆਦਿ ਮਿਲੇ ਹਨ। ਬੁਲਾਰੇ ਅਨੁਸਾਰ ਅਜੇ ਇਕ ਹੋਰ ਭਗੌੜੇ ਦੋਸ਼ੀ ਦੀ ਭਾਲ ਜਾਰੀ ਹੈ।

ਅਸਲੇ ਦੀ ਦੁਕਾਨ ਵਿਚੋਂ ਬੰਦੂਕਾਂ ਚੋਰੀ

ਜਗਰਾਓਂ- ਸਬ ਡਵੀਜ਼ਨ ਦੇ ਮਸ਼ਹੂਰ ਕਸਬਾ ਰਾਏ ਕੋਟ ਵਿਖੇ ਗੁਰਦਿਆਲ ਸਿੰਘ ਨੱਥੂਵਾਲੀਆ ਦੀ ਅਸਲਾ ਦੁਕਾਨ ਤੋਂ 5 ਬੰਦੂਕਾਂ ਚੋਰੀ ਹੋਣ ਦੀ ਸੂਚਨਾ ਮਿਲੀ ਹੈ। ਇਹ ਬੰਦੂਕਾਂ ਨਛੱਤਰ ਸਿੰਘ ਦੇਹੜਕਾ, ਡਾ: ਭਜਨ ਸਿੰਘ ਨੱਥੋਵਾਲ, ਮੁਕੰਦੀ ਲਾਲ ਰਾਏ ਕੋਟ, ਬਚਨ ਸਿੰਘ ਰਾਜੋਆਣਾ ਕਲਾਂ, ਮੁੱਖ ਸਿਪਾਹੀ ਅਰਜਨ ਸਿੰਘ, ਰੌਣਕ ਸਿੰਘ ਸੰਦੌੜ, ਬਲਰੀਤ ਸਿੰਘ ਆਦਿ ਵਿਅਕਤੀਆਂ ਵਲੋਂ ਇਸ ਦੁਕਾਨ ਤੇ ਜਮ੍ਹਾਂ ਕਰਵਾਈਆਂ ਗਈਆਂ ਸਨ।

ਬਾਅਦ ਦੀ ਸੂਚਨਾ ਅਨੁਸਾਰ ਇਹ ਬੰਦੂਕਾਂ ਪੱਖੋਵਾਲ ਰੋਡ ਤੇ ਇਕ ਖੇਤ ਵਿਚੋਂ, ਭੇਤ ਭਰੀ ਹਾਲਤ ਵਿਚ ਪਈਆਂ ਬਰਾਮਦ ਹੋਣ ਦੀ ਸੂਚਨਾ ਮਿਲੀ ਹੈ।

ਅਕਾਲੀ ਗੁਟਨਿਰਲੇਪ ਕਾਨ—ਫ਼ਰੰਸ ਸਮੇਂ ਵਿਖਾਵਾ ਕਰਨਗੇ

ਫਗਵਾੜਾ, (ਯੂ. ਐਨ. ਆਈ.) —ਜੇ ਅਕਾਲੀ ਦਲ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਜਨਵਰੀ ਵਿਚ ਦਿੱਲੀ ਵਿਖੇ ਗੁੱਟ ਨਿਰਲੇਪ ਦੇਸ਼ਾਂ ਦੀ ਹੋ ਰਹੀ ਕਾਨਫਰੰਸ ਵਾਲੀ ਇਮਾਰਤ ਅੱਗੇ ਅਮਨ ਪੂਰਵਕ ਮੁਜ਼ਾਹਰਾ ਕਰੇਗਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਉਕਤ ਇੰਕਸ਼ਾਫ ਅਕਾਲੀ ਵਿਧਾਇਕ ਤੇ ਸਾਬਕਾ ਮੰਤਰੀ ਸ: ਆਤਮਾ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਮੁਜ਼ਾਹਰਾ, ਸੰਸਾਰ ਦਾ ਧਿਆਨ ਅਕਾਲੀ ਮੰਗਾਂ ਵਲ ਕੇਂਦਰਿਤ ਕਰਨ ਲਈ ਕੀਤਾ ਜਾਵੇਗਾ। ਉਹਨਾਂ ਅਨੁਸਾਰ, "ਜਮਹੂਰੀ ਢਾਂਚੇ ਵਿਚ ਆਪਣੇ ਦੁਖਾਂ ਦਾ ਪ੍ਰਗਟਾਵਾ ਕਰਨ ਦਾ ਪੂਰਾ ਹੱਕ ਹੈ।" ਉਨ੍ਹਾਂ ਨੇ ਹਰਿਆਣਾ ਸਰਕਾਰ ਦੇ ਗੈਰ ਜਮਹੂਰੀ ਯਤਨਾਂ ਦੀ ਨਿਖੇਧੀ ਕੀਤੀ, ਜਿਨ੍ਹਾਂ ਅਧੀਨ ਏਸ਼ੀਆਈ ਖੇਡਾਂ ਦੌਰਾਨ ਕੀਤੇ ਜਾਣ ਵਾਲੇ ਮੁਜ਼ਾਹਰੇ ਨੂੰ ਰੋਕਣ ਦੇ ਯਤਨ ਹੋ ਰਹੇ ਹਨ। ਉਹਨਾਂ ਨੇ ਕਿਹਾ ਕਿ ਇਹ ਯਤਨ ਸਾਨੂੰ ਗੁੱਸਾ ਦੁਆਉਣ ਲਈ ਕੀਤੇ ਜਾ ਰਹੇ ਹਨ।

ਸੋਵੀਅਤ ਸਫ਼ਾਰਤਖਾਨੇ ਤੇ ਵੀ ਗਰਨੇਡ ਚਲਾਉਣ ਦੀ ਹਰਕਤ

ਨਵੀਂ ਦਿਲੀ: 18 ਨਵੰਬਰ ਨੂੰ ਨਵੀਂ ਦਿਲੀ ਵਿਚ ਸੋਵੀਅਤ ਸਫ਼ਾਰਤਖਾਨੇ ਦੇ ਰਿਹਾਇਸ਼ੀ ਹਿੱਸੇ ਵਿਚ ਗਰਨੇਡ ਸੁਟੇ ਗਏ। ਪੀ. ਟੀ. ਆਈ. ਅਨੁਸਾਰ ਇਹ ਕਾਰਵਾਈ ਅਤਿਵਾਦੀਆਂ ਦੀ ਹੈ।

ਆਂਦਰੋਪੋਵ ਵਲੋਂ ਹਿੰਦ ਨਾਲ ਦੋਸਤਾਨਾ ਸਬੰਧਾਂ ਦਾ ਭਰੋਸਾ

ਮਾਸਕੋ, (ਯੂ. ਐਨ. ਆਈ.) —ਸੋਵੀਅਤ ਯੂਨੀਅਨ ਦੇ ਨਵੇਂ ਨੇਤਾ ਸ੍ਰੀ ਯੂਰੀ ਆਂਦਰੋਪੋਵ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਆਪਣੀ ਗੱਲਬਾਤ ਦੌਰਾਨ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਨੇੜਲੇ ਸਹਿਯੋਗ ਸਬੰਧੀ, ਆਪਣੇ ਮਰਹੂਮ ਆਗੂ ਸ੍ਰੀ ਲਿਊਨਿਦ ਬਰੈਜ਼ਨੇਵ ਵਲੋਂ ਦਸੀ ਗਈ ਨੀਤੀ ਤੇ ਚਲਦਾ ਰਹੇਗਾ।

ਸ੍ਰੀਮਤੀ ਗਾਂਧੀ ਨੇ ਸ੍ਰੀ ਆਂਦਰੋਪੋਵ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਅਤੇ ਸੋਵੀਅਤ ਆਗੂ ਨੇ ਉਨ੍ਹਾਂ ਦਾ ਸੱਦਾ ਪ੍ਰਵਾਨ, ਕਰਦਿਆਂ ਅਗਲੇ ਸਾਲ ਦੇ ਅਖੀਰ 'ਚ ਆਉਣ ਦਾ ਵਾਅਦਾ ਕੀਤਾ।

ਦੋਵਾਂ ਨੇਤਾਵਾਂ ਨੇ ਆਪਸੀ ਸਾਂਝੇ ਮਸਲਿਆਂ ਦੇ ਨਾਲ ਵਿਸ਼ਵ ਆਰਥਿਕ ਸਥਿਤੀ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਉਮੀਦ ਪ੍ਰਗਟ ਕੀਤੀ ਕਿ ਆਉਣ ਵਾਲੇ ਸਾਲਾਂ ਦੌਰਾਨ ਦੁਨੀਆਂ ਭਰ ਦੇ ਦੇਸ਼ਾਂ ਦੀ ਆਰਥਿਕ ਸਥਿਤੀ 'ਚ ਸੁਧਾਰ ਹੋਵੇਗਾ।

ਭਾਰਤ ਵਲੋਂ ਵਿਦੇਸ਼ ਮੰਤਰੀ ਸ੍ਰੀ ਪੀ. ਵੀ. ਨਰਸਿਮਹਾ ਰਾਓ ਅਤੇ ਮਾਸਕੋ ਵਿਖੇ ਭਾਰਤੀ ਰਾਜਦੂਤ ਸ੍ਰੀ ਵਿਸ਼ਨੂੰ ਅਹੂਜਾ ਨੇ ਵੀ ਗੱਲਬਾਤ 'ਚ ਹਿਸਾ ਲਿਆ।

ਸਿਖਰ ਵਾਰਤਾ ਦੀ ਅਜੇ ਕੋਈ ਸੰਭਾਵਨਾ ਨਹੀਂ

ਵਾਸ਼ਿੰਗਟਨ, (ਏ. ਪੀ.) —ਅਮਰੀਕੀ ਰਾਸ਼ਟਰਪਤੀ ਦੇ ਬੁਲਾਰੇ ਲਾਰੀ ਸਪੀਕਸ ਨੇ ਦੱਸਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਅਤੇ ਨਵੇਂ ਸੋਵੀਅਤ ਆਗੂ ਯੂਰੀ ਆਂਦਰੋਪੋਵ ਵਿਚਾਲੇ ਹਾਲ ਦੀ ਘੜੀ ਸਿਖਰ ਵਾਰਤਾ ਦੀ ਕੋਈ ਸੰਭਾਵਨਾ ਨਹੀਂ ਹੈ।

ਸ੍ਰੀ ਸਪੀਕਸ ਨੇ ਅਗੇ ਦੱਸਿਆ ਕਿ ਨਵੀਂ ਸੋਵੀਅਤ ਲੀਡਰਸ਼ਿਪ ਵਲੋਂ ਅਜੇ ਇਸ ਕਿਸਮ ਦਾ ਕੋਈ ਸੰਕੇਤ ਵਗੈਰਾ ਪ੍ਰਾਪਤ ਨਹੀਂ ਹੋਇਆ ਹੈ ਜਿਸ ਤੋਂ ਕਿ ਇਸ ਕਿਸਮ ਦੀ ਕੋਈ ਉਮੀਦ ਰੱਖਣ ਦੀ ਸਾਰਥਕਤਾ ਨਜ਼ਰ ਆਉਂਦੀ ਹੋਵੇ।

ਡਾ: ਕਰਨ ਸਿੰਘ ਤੇ ਡਾ: ਫਾਰੂਕ ਸਾਂਝੀ ਅਸੰਬਲੀ ਚੋਣ ਲੜਨਗੇ

ਜੰਮੂ, (ਸ) —ਸਾਬਕ ਕੇਂਦਰੀ ਮੰਤਰੀ ਡਾ: ਕਰਨ ਸਿੰਘ ਸੰਸਦ ਮੈਂਬਰ ਅਤੇ ਰਿਆਸਤ ਦੇ ਮੁੱਖ ਮੰਤਰੀ ਡਾ: ਫਾਰੂਕ ਅਬਦੁੱਲਾ ਜੰਮੂ-ਕਸ਼ਮੀਰ ਦੀ ਚੋਣ ਮਿਲ ਕੇ ਲੜਨਗੇ।

ਉਕਤ ਗੱਲ ਦਾ ਇੰਕਸ਼ਾਫ ਪੈਂਥਰ ਪਾਰਟੀ ਦੇ ਚੀਫ ਭੀਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਬੀਤੇ ਦਿਨੀਂ ਮੈਂ ਤੇ ਡਾ: ਫਾਰਕੂ ਇਕੱਠੇ ਹੀ ਦਿੱਲੀ ਤੋਂ ਇਥੇ ਆਏ। ਇਸ ਦੌਰਾਨ ਡਾ: ਫਾਰੂਕ ਨਾਲ ਗੱਲਬਾਤ ਕੀਤੀ ਹੈ। ਪ੍ਰੈਸ ਕਾਨਫਰੰਸ ਵਿਚ ਭੀਮ ਸਿੰਘ ਨੇ ਦਸਿਆ ਕਿ ਰਿਆਸਤੀ ਅਸੰਬਲੀ ਦੀ ਚੋਣ ਵਿਚ ਇੰਕਾ ਤੇ ਨੈਸ਼ਨਲ ਕਾਨਫਰੰਸ ਵਿਚ ਗਠਜੋੜ ਹੋਣ ਦੀ ਸੰਭਾਵਨਾ ਹੈ। ਭਾਵੇਂ ਅਜੇ ਇਹ ਕਹਿਣਾ ਕਠਨ ਹੈ ਕਿ ਇਹ ਗਠਜੋੜ ਕਿਨ੍ਹਾਂ ਸ਼ਰਤਾਂ ਤੇ ਆਧਾਰਤ ਹੋਵੇਗਾ, ਪਰ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਕ ਪ੍ਰਸ਼ਨ ਦੇ ਉਤਰ ਵਿਚ ਉਹਨਾਂ ਕਿਹਾ ਕਿ ਭਾਜਪਾ ਤੇ ਨੈਸ਼ਨਲ ਕਾਨਫਰੰਸ ਦੇ ਚੋਣ ਗਠਜੋੜ ਲਈ ਵੀ ਭਾਜਪਾ ਦੇ ਕੁਝ ਨੇਤਾ ਸਰਗਰਮ ਹਨ। ਫੈਸਲੇ ਦੀ ਉਡੀਕ ਹੋ ਰਹੀ ਹੈ।

ਹਾਦਸੇ ਵਿਚ ਮਰਨ ਤੇ 15 ਹਜ਼ਾਰ ਰੁਪਏ ਮਿਲਣਗੇ

ਨਵੀਂ ਦਿੱਲੀ, (ਪੀ. ਟੀ. ਆਈ.) —ਮੋਟਰ ਵਹੀਕਲ ਐਕਟ ਵਿਚ ਕੀਤੀ ਨਵੀਂ ਸੋਧ ਅਨੁਸਾਰ ਹੁਣ ਸੜਕ ਹਾਦਸੇ ਵਿਚ ਮਰਨ ਵਾਲੇ ਵਿਅਕਤੀਆਂ ਨੂੰ 15800 ਰੁਪਏ ਅਤੇ ਸਥਾਈ ਤੌਰ ਤੇ ਨਕਾਰਾ ਹੋਣ ਤੇ 7500 ਰੁਪਏ ਮਿਲਣਗੇ।

ਕੇਂਦਰ ਵਲੋਂ ਇਸ ਸਬੰਧੀ ਸਭ ਰਾਜ ਸਰਕਾਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਕਿਹਾ ਗਿਆ ਹੈ ਕਿ ਜਿਹੜਾ ਵੀ ਵਿਅਕਤੀ ਇਸ ਸਬੰਧੀ ਮੁਆਵਜ਼ੇ ਦੀ ਮੰਗ ਕਰਦਾ ਹੈ। ਉਸ ਦੀ ਮੰਗ ਪੂਰੀ ਕੀਤੀ ਜਾਏ। ਇਸ ਸਬੰਧੀ ਲੋੜ ਪੈਣ ਤੇ ਰਾਜ ਸਰਕਾਰਾਂ ਨੂੰ ਟ੍ਰਿਬਿਊਨਲ ਵੀ ਕਾਇਮ ਕਰ ਲੈਣੇ ਚਾਹੀਦੇ ਹਨ।

ਸੰਸਾਰ ਦਰਪਣ

ਸਮੁੰਦਰੀ ਤੂਫ਼ਾਨ

ਹੋਨੋਲੂਲੂ — ਹਵਾਈ ਵਿਚ ਸਮੁੰਦਰੀ ਤੂਫ਼ਾਨ ਕਾਰਨ 6700 ਵਿਅਕਤੀ ਘਰਹੀਣ ਹੋ ਗਏ। ਸੰਚਾਰ ਪ੍ਰਬੰਧ ਕੱਟਿਆ ਗਿਆ। 176 ਮੀਲ ਪ੍ਰਤੀ ਘੰਟਾ ਦੀ ਤੇਜ਼ੀ ਨਾਲ ਹਵਾਵਾਂ ਵਗੀਆਂ। ਘਰਾਂ ਦੀਆਂ ਛੱਤਾਂ, ਉਡ ਗਈਆਂ।

ਬੇਰੁਜ਼ਗਾਰੀ ਹੋਰ ਵਧੇਗੀ

ਅਟਵਾ — ਬੀ. ਸੀ. ਦੀ ਆਰਥਕ ਹਾਲਤ 1983 ਵਿਚ ਸੁਧਰਨ ਦੀ ਆਸ ਹੈ ਪਰ ਬੇਰੁਜ਼ਗਾਰੀ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ। ਅਕਤੂਬਰ ਵਿਚ ਬੇਰੁਜ਼ਗਾਰੀ 13 ਪ੍ਰਤੀਸ਼ਤ ਸੀ ਜਦ ਕਿ 1983 ਵਿਚ ਇਹ ਵਾਧਾ 14 ਫੀ ਸਦੀ ਹੋ ਜਾਵੇਗਾ।

ਬੇਗਿਨ ਕੁੜਿਕੀ 'ਚ

ਯੇਰੋਸ਼ਲਮ — ਇਸਰਾਈਲ ਦਾ ਪ੍ਰਧਾਨ ਮੰਤਰੀ ਬੇਗਿਨ, ਬਦੇਸ਼ੀ ਮਾਮਲਿਆਂ ਦਾ ਮੰਤਰੀ ਸ਼ਮੀਰ ਤੇ ਡਿਫੈਂਸ ਮਨਿਸਟਰ ਸ਼ੈਰੋਨ, ਤਿੰਨੇ ਬੈਰੂਤ ਵਿਚ ਕਤਲੇਆਮ ਦੇ ਜ਼ਿਮੇਂਵਾਰ ਠਹਿਰਾਏ ਜਾਣ ਦੇ ਆਸਾਰ ਹਨ।

ਆਂਦਰੋਪੋਵ ਪ੍ਰੀਜ਼ੀਡੀਅਮ ਮੈਂਬਰ

ਮਾਸਕੋ — ਸੋਵੀਅਤ ਯੂਨੀਅਨ ਵਿਚ ਆਂਦਰੋਪੋਵ ਪ੍ਰੀਜ਼ੀਡੀਅਮ ਦੇ ਮੈਂਬਰ ਚੁਣੇ ਗਏ।

ਬਿੱਲੀ ਨੇ ਹਜ਼ਾਰਾਂ ਬੇਘਰ ਕੀਤੇ

ਨੈਰੋਬੀ — ਇਕ ਬਿੱਲੀ ਦੀ ਗਲਤੀ ਕਾਰਨ ਨੈਰੋਬੀ ਲਾਗੇ 10000 ਬੇਘਰ ਹੋ ਗਏ। 'ਡੇਲੀ ਨੇਸ਼ਨ' ਅਨੁਸਾਰ ਬਿੱਲੀ ਨੇ ਤੇਲ ਦਾ ਦੀਵਾ ਉਲਟਾ ਦਿੱਤਾ ਜਿਸ ਨਾਲ ਲੱਕੜ ਦੀਆਂ ਬਣੀਆਂ ਝੁੱਗੀਆਂ ਨੂੰ ਅੱਗ ਲੱਗ ਗਈ।

ਧਾਰਮਿਕ ਅਦਾਰਿਆਂ ਵਿਚ ਗ਼ਬਨ

ਵੈਟੀਕਨ ਸਿਟੀ — ਪੋਪਜਾਨ ਪਾਲ ਨੇ ਕਾਰਡੀਨਲਾਂ ਦੀ ਮੀਟਿੰਗ ਬੁਲਾਈ ਹੈ ਜਿਸ ਵਿਚ ਚਰਚ ਦੇ ਕੁਝ ਮੈਂਬਰਾਂ ਵਲੋਂ ਗ਼ਬਨ ਕੀਤੇ ਜਾਣ ਦੀ ਸਮੱਸਿਆ ਤੇ ਵਿਚਾਰ ਕੀਤਾ ਜਾ ਰਿਹਾ ਹੈ।

ਮਾਰਸ਼ਲ ਲਾਅ ਖਤਮ ਹੋਣ ਲੱਗਾ

ਪੋਲੈਂਡ — ਪੋਲੈਂਡ ਵਿਚ ਮਾਰਸ਼ਲ ਲਾਅ 13 ਦਸੰਬਰ, 1982 ਨੂੰ ਉਠਾਏ ਜਾਣ ਦੀ ਸੰਭਾਵਨਾ ਹੈ। ਯਾਦ ਰਹੇ ਕਿ 13 ਦਸੰਬਰ, 1981 ਨੂੰ ਮਾਰਸ਼ਲ ਲਾਅ ਪੋਲੈਂਡ ਵਿਚ ਲਾਗੂ ਕੀਤਾ ਗਿਆ ਸੀ।

10,000 ਹੋਰ ਲੇ-ਆਫ਼

ਵਿਕਟੋਰੀਆ — ਬੀ. ਸੀ. ਦੇ 10,000 ਸਰਕਾਰੀ ਮੁਲਾਜ਼ਮ ਜਲਦੀ ਹੀ ਲੇ-ਆਫ਼ ਕੀਤੇ ਜਾਣ ਦੀ ਸੰਭਾਵਨਾ ਹੈ।

ਘਾਨਾ - ਰਾਜ ਪਲਟਾ ਅਸਫਲ

ਐਬਦਜਾਨ — ਘਾਨਾ ਵਿਚ ਰਾਜ ਪਲਟੇ ਦੀ ਕੋਸ਼ਿਸ਼ ਅਸਫਲ ਹੋ ਗਈ। ਪਿਛਲੀ ਸਤੰਬਰ ਤੋਂ ਘਾਨਾ ਦਾ ਸਬੰਧ ਬਾਕੀ ਅਫਰੀਕਨ ਦੇਸ਼ਾਂ ਨਾਲੋਂ ਟੁਟਿਆ ਹੋਇਆ ਹੈ। ਰੇਡੀਓ ਅਨੁਸਾਰ ਫੌਜੀ ਰਾਜ ਡਾਵਾਂਡੋਲ ਹੈ।

ਅਮਰੀਕਾ — 'ਮੈਂ ਨਾ ਮਾਨੂੰ'

ਯੂਨਾਈਟਿਡ ਨੇਸ਼ਨਜ਼ — ਯੂ. ਐਨ. ਓ. ਦੀ ਦੋ—ਤਿਹਾਈ ਦੇਸ਼ਾਂ ਦੀ ਗਿਣਤੀ ਮਾਰੂ ਹਥਿਆਰਾਂ ਤੇ 'ਫ਼ਰੀਜ਼' ਲਾਉਣ ਲਈ ਤਿਆਰ ਹੈ। ਅਮਰੀਕਾ ਇਸਦਾ ਵਿਰੋਧ ਕਰਨ ਵਾਲਿਆਂ ਵਿਚ ਸਭ ਤੋਂ ਅੱਗੇ ਹੈ।

ਖੁਸ਼ਵੰਤ ਸਿੰਘ ਨੇ ਸਿੱਖਾਂ ਦਾ ਸਹੀ ਕੇਸ ਪਾਰਲੀਮੈਂਟ ਵਿਚ ਪੇਸ਼ ਕੀਤਾ — ਕੌਮੀ ਏਕਤਾ

ਨਵੀਂ ਦਿੱਲੀ: 'ਕੌਮੀ ਏਕਤਾ' ਨੇ ਆਪਣੇ ਖਬਰਨਾਮੇ ਵਿਚ ਲਿਖਿਆ ਹੈ "ਕਿ ਪਿਛਲੇ ਦਿਨੀ ਹਿੰਦੁਸਤਾਨ ਟਾਈਮਜ਼ ਦੇ ਐਡੀਟਰ ਤੇ ਸੰਸਾਰ ਪ੍ਰਸਿਧ ਲੇਖਕ ਸ: ਖੁਸ਼ਵੰਤ ਸਿੰਘ ਵਲੋਂ ਅੰਮ੍ਰਿਤਸਰ ਪਹੁੰਚ ਕੇ ਅਕਾਲੀ ਮੋਰਚੇ ਦੇ ਅਧਿਐਨ ਨੂੰ ਕੁਝ ਮੂਰਖ ਤੇ ਵਿਸ਼ੇਸ਼ ਮੁਫਾਦ ਰੱਖਦੇ ਅਕਾਲੀਆਂ ਨੇ ਇਹ ਦੇਣ ਦਾ ਯਤਨ ਕੀਤਾ ਕਿ ਆਪਨੂੰ ਸ੍ਰੀਮਤੀ ਇੰਦਰਾ ਗਾਂਧੀ ਨੇ ਭੇਜਿਆ। ਹਾਲਾਂ ਕਿ ਇਹ ਚੁਗਲ ਖੋਰਾਂ ਨੂੰ ਏਨਾ ਵੀ ਇਲਮ ਨਹੀਂ ਕਿ ਸ:ਖੁਸ਼ਵੰਤ ਸਿੰਘ ਪ੍ਰਧਾਨ ਮੰਤਰੀ ਦੇ ਨੇੜੇ ਨਹੀਂ ਆਪ ਉਤੇ ਸ੍ਰੀਮਤੀ ਮੇਨਕਾ ਗਾਂਧੀ ਦੇ ਹਮਦਰਦ ਹੋਣ ਦਾ ਦੂਸ਼ਨ ਹੈ। ਇਹ ਗਿਆਨਹੀਨ ਲੋਕ ਪੰਥ ਨੂੰ ਕਿਹੜੀ ਖਾਈ 'ਚ ਸੁਟਣਗੇ?.......ਸ: ਖੁਸ਼ਵੰਤ ਸਿੰਘ ਅਜੇ ਤੀਕ ਇਕੋ ਇਕ ਮੈਂਬਰ ਪਾਰਲੀਮੈਂਟ ਹਨ ਜਿਨ੍ਹਾਂ ਸਿੱਖਾਂ ਦਾ ਸਹੀ ਕੇਸ ਪਾਰਲੀਮੈਂਟ ਵਿਚ ਪੇਸ਼ ਕੀਤਾ ਹੈ।"

ਜਗਜੀਤ ਸਿੰਘ ਦੀ ਰਿਟ ਤੇ ਭਾਰਤ ਸਰਕਾਰ ਨੂੰ ਨੋਟਿਸ ਜਾਰੀ

ਚੰਡੀਗੜ੍ਹ, (ਯੂ. ਐਨ. ਆਈ.) —ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸ੍ਰੀ ਜਸਟਿਸ ਐਸ. ਸੀ. ਮਿਤਲ ਨੇ ਖਾਲਿਸਤਾਨ ਦੇ ਆਪੂੰ ਬਣੇ ਰਾਸ਼ਟਰਪਤੀ ਡਾ: ਜਗਜੀਤ ਸਿੰਘ ਵਲੋਂ ਦਾਇਕ ਪਟੀਸ਼ਨ ਤੇ ਭਾਰਤ ਸਰਕਾਰ ਨੂੰ 26 ਨਵੰਬਰ ਤਕ ਲਈ ਨੋਟਿਸ ਜਾਰੀ ਕਰ ਦਿਤਾ ਹੈ।

ਪਟੀਸ਼ਨਰ ਨੇ ਹਾਈ ਕੋਰਟ ਵਿਚ ਦਾਇਰ ਰਿਟ ਵਿਚ ਭਾਰਤ ਸਰਕਾਰ ਵਲੋਂ ਉਸਦੇ ਪਾਸਪੋਰਟ ਨੂੰ ਜ਼ਬਤ ਕਰਨ ਦੇ ਹੁਕਮ ਨੂੰ ਚੁਣੌਤੀ ਦਿਤੀ ਹੈ। ਡਾਕਟਰ ਚੌਹਾਨ ਨੇ ਆਪਣੀ ਰਿਟ ਵਿਚ ਕਿਹਾ ਕਿ ਉਹ ਭਾਰਤ ਆ ਕੇ ਸਬੰਧਤ ਅਧਿਕਾਰੀਆਂ ਨਾਲ ਇਸ ਸੰਬੰਧੀ ਗਲਬਾਤ ਕਰਨਾ ਚਾਹੁੰਦਾ ਹੈ ਪਰ ਉਸ ਨੂੰ ਡਰ ਹੈ ਕਿ ਭਾਰਤ ਪੁਜਦੇ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਏਗਾ

ਸੰਪਾਦਕੀ

ਵਿਦੇਸ਼ੀ ਭਾਰਤੀਆਂ ਲਈ ਚੈਲਿੰਜ

ਭਾਰਤ ਸਰਕਾਰ ਨੇ ਵਿਦੇਸ਼ੀ ਭਾਰਤੀਆਂ ਸਾਹਮਣੇ ਇਕ ਬੜਾ ਵੱਡਾ ਚੈਲਿੰਜ ਖੜ੍ਹਾ ਕਰ ਦਿਤਾ ਹੈ ਜਿਸ ਵਿਚੋਂ ਭਾਰਤ ਸਰਕਾਰ ਦੀ ਸੋਚੀ ਸਮਝੀ ਸਾਜ਼ਿਸ਼ ਦੀ ਬੂ ਆਉਂਦੀ ਹੈ। ਸਰਮਾਏਦਾਰੀ ਸਮਾਜ ਦਾ ਇਕ ਵਿਸ਼ੇਸ਼ ਖਾਸਾ ਹੈ ਕਿ ਉਹ ਸਦਾ ਵਿਤਕਰੇ ਤੇ ਭਰੋਸਾ ਰੱਖਦਾ ਹੈ। ਵਿਤਕਰਾ ਆਰਥਕ ਪਹਿਲੂ ਤੋਂ ਤਾਂ ਪ੍ਰਤੱਖ ਹੁੰਦਾ ਹੀ ਹੈ ਪਰ ਸਮਾਜਕ ਤੇ ਸਭਿਆਚਾਰਕ ਪਹਿਲੂ ਤੋਂ ਵੀ ਇਹ ਵਿਤਕਰਾ ਸਰਮਾਏਦਾਰੀ ਸਦਾ ਪਾਲ ਦੀ ਆਈ ਹੈ। ਭਾਰਤ ਸਰਕਾਰ ਲੱਖ ਥੋਥੇ ਨਾਅਰੇ ਸਮਾਜਵਾਦ ਦੇ ਲਾਵੇ, ਪਰ ਇਸ ਦੀਆਂ ਕਰਤੂਤਾਂ ਤੋਂ ਸਪੱਸ਼ਟ ਇਹ ਹੀ ਹੁੰਦਾ ਹੈ ਕਿ ਇਹ ਸਰਕਾਰ ਵਿਤਕਰੇ ਖੜ੍ਹੇ ਕਰਕੇ-ਆਪਣੇ ਸਾਹ ਵਰੋਲ ਰਹੀ ਹੈ।

ਇਸ ਦੀ ਤਾਜ਼ਾ ਉਦਾਹਰਣ ਵਿਦੇਸ਼ੀ ਭਾਰਤੀਆਂ ਦੇ ਸਾਹਮਣੇ ਹੈ ਕਿ **ਵਿਦੇਸ਼ੀ ਭਾਰਤੀ ਆਪਣੀ ਵਾਹੀਯੋਗ ਜ਼ਮੀਨ ਭਾਰਤ ਵਿਚ ਰੱਖ ਸਕਣ ਦੇ** ਅਧਿਕਾਰੀ ਨਹੀਂ ਹਨ।ਵਾਹੀਯੋਗ ਜ਼ਮੀਨ ਕਿਨ੍ਹਾਂ ਕੋਲ ਹੈ? ਵਿਦੇਸ਼ੀ ਭਾਰਤੀਆਂ ਵਿਚੋਂ ਕਿਹੜੇ ਸੂਬੇ ਦੇ ਲੋਕ ਵੱਧ ਗਿਣਤੀ ਵਿਚ ਵਿਦੇਸ਼ੀਂ ਆਏ ਹਨ? ਇਹ ਪ੍ਰਸ਼ਨਾਂ ਦਾ ਉਤਰ ਔਖਾ ਨਹੀਂ। ਉਹ ਹਨ-ਪੰਜਾਬੀ। ਪੰਜਾਬੀ ਭਾਰਤੀਆਂ ਦੀ ਗਿਣਤੀ ਕੀਤਿਆਂ ਪਤਾ ਲਗਦਾ ਹੈ ਕਿ ਇਹ ਹੀ ਬਹੁ ਗਿਣਤੀ ਇੰਗਲੈਂਡ ਵਿਚ ਹੈ, ਕੈਨੇਡਾ ਤੇ ਅਮਰੀਕਾ ਵਿਚ ਹੈ, ਅਫ਼ਰੀਕਾ ਦੇ ਸਭ ਹਿੱਸਿਆਂ ਵਿਚ ਹੈ।

ਕੇਵਲ **ਵਾਹੀਯੋਗ ਜ਼ਮੀਨ** ਦੇ ਅਧਿਕਾਰ ਖੋਹਣੇ, ਸਿੱਧਾ ਪੰਜਾਬੀਆਂ ਤੇ ਹਮਲਾ ਹੈ। ਪੰਜਾਬੀ ਦੁਨੀਆਂ ਦੇ ਹਰ ਖਿੱਤੇ ਵਿਚ ਹਨ, ਹਰ ਦੇਸ਼ ਵਿਚ ਹਨ। ਇਹ ਅਖਾਣ ਅਕਸਰ ਸੁਣਦੇ ਹਾਂ ਕਿ ਆਲੂ ਤੇ ਪੰਜਾਬੀ ਦੁਨੀਆਂ ਦੇ ਹਰ ਹਿੱਸੇ ਵਿਚ ਮਿਲ ਸਕਦੇ ਹਨ। ਇਹ ਤਾਂ ਪੰਜਾਬੀਆਂ ਦੀ ਸਰਬ—ਉਚਤਾ, ਸਰਬ ਸ੍ਰੇਸ਼ਟਤਾ ਤੇ ਸਰਵੋਤਮ ਉਦਮ ਦੀ ਨਿਸ਼ਾਨੀ ਹੈ ਤੇ ਹਰ ਪੰਜਾਬੀ ਲਈ ਆਪਣੀ ਜ਼ਮੀਨ, ਖਾਸ ਕਰ ਵਾਹੀਯੋਗ ਜਮੀਨ ਮਾਂ ਦਾ ਦਰਜ਼ਾ ਰੱਖਦੀ ਹੈ। ਪੰਜਾਬੀਆਂ ਨੇ ਪੰਜਾਬ ਵਿਚ ਤਾਂ ਕੀ ਵਿਦੇਸ਼ਾਂ ਵਿਚ ਵੀ ਖੇਤੀਬਾੜੀ ਕਰਕੇ ਸੰਸਾਰ ਵਿਚ ਆਪਣਾ ਨਾਂ ਉਘਾ ਕੀਤਾ ਹੈ। ਫਿਰ ਕੀ ਕਾਰਨ ਹੈ ਕਿ ਭਾਰਤ ਸਰਕਾਰ ਕੇਵਲ 'ਵਾਹੀਯੋਗ ਜ਼ਮੀਨ' ਹਥਿਆਉਣ ਲਈ ਏਨੀ ਤਤਪਰ ਹੈ?

ਇਸ ਦੇ ਕਾਰਨ ਸਪੱਸ਼ਟ ਹਨ। ਵਿਦੇਸ਼ੀ ਭਾਰਤੀ ਭਾਰਤ ਵਿਚ ਪੂੰਜੀ ਲਾ ਸਕਦਾ ਹੈ, ਕੋਈ ਰੋਕ ਨਹੀਂ, ਘਰ ਖਰੀਦ ਕੇ ਰੱਖ ਸਕਦਾ ਹੈ, ਕੋਈ ਗਿਲਾ ਨਹੀਂ, ਇੰਡਸਟਰੀ ਲਾ ਸਕਦਾ ਹੈ, ਵਪਾਰ ਕਰ ਸਕਦਾ ਹੈ-ਹਰ ਵਿਦੇਸ਼ੀ ਭਾਰਤੀ ਨੂੰ ਸਭ ਅਧਿਕਾਰ ਮਿਲ ਸਕਦੇ ਹਨ ਪਰ **ਕੇਵਲ ਵਾਹੀਯੋਗ ਜ਼ਮੀਨ ਨਹੀਂ ਰੱਖ ਸਕਦਾ। ਕਿਉਂ? ਇਸ ਲਈ ਕਿ ਪੰਜਾਬੀਆਂ ਦੀ ਕਮਰ ਤੋੜਨ ਲਈ ਇਹ ਕਾਰਗਰ ਢੰਗ ਹੈ।**

ਇਸ ਬੇਹੂਦਾ ਸੋਚਣੀ ਦੇ ਭਾਰਤ ਸਰਕਾਰ ਲਈ ਖਤਰਨਾਕ ਸਿੱਟੇ ਨਿਕਲ ਸਕਦੇ ਹਨ। ਉਹ ਕੇਵਲ ਵਿਦੇਸ਼ੀ ਭਾਰਤੀਆਂ ਵਿਚ ਪਾੜਾ ਵਧਾਉਣ ਲਈ ਇਹ ਹਥਿਆਰ ਵਰਤ ਰਹੀ ਹੈ। ਅੱਜ ਜੇ ਕੇਵਲ ਵਾਹੀਯੋਗ ਜ਼ਮੀਨ ਦੇ ਅਧਿਕਾਰ ਖੋਹੇ ਗਏ ਹਨ, ਕਲ੍ਹ ਨੂੰ ਇੰਡਸਟਰੀਆਂ ਤੇ ਲਾਇਆ ਬਾਹਰਲਾ ਵਿਦੇਸ਼ੀ ਸਿੱਕਾ ਵੀ ਜ਼ਬਤ ਕੀਤਾ ਜਾ ਸਕਦਾ ਹੈ। ਬਾਹਰਲੀ ਕਰੰਸੀ ਨਾਲ ਖਰੀਦੇ ਘਰ ਵੀ ਜ਼ਬਤ ਕੀਤੇ ਜਾ ਸਕਦੇ ਹਨ। ਬਦੇਸ਼ੀ ਪੂੰਜੀ ਜੋ ਬਾਹਰੋਂ ਭੇਜੀ ਜਾ ਰਹੀ ਹੈ, ਉਹ ਵੀ ਜ਼ਬਤ ਹੋ ਸਕਦੀ ਹੈ। ਜੇ ਵਿਦੇਸ਼ੀ ਸਿੱਕਾ ਵਿਦੇਸ਼ੀ ਭਾਰਤੀ ਭੇਜਣਾ ਬੰਦ ਕਰ ਦੇਣ ਤਾਂ ਭਾਰਤ ਸਰਕਾਰ ਨੂੰ ਹਰ ਸਾਲ 50 ਅਰਬ ਰੁਪਏ, ਜੋ ਵਿਦੇਸ਼ੀ ਭਾਰਤੀ, ਭਾਰਤ ਭੇਜਦੇ ਹਨ, ਉਸ ਤੋਂ ਹੱਥ ਧੋਣੇ ਪੈਣਗੇ ਤਾਂ ਭਾਰਤ ਦੀ ਆਰਥਕ ਹਾਲਤ ਜੋ ਅੱਗੇ ਹੀ ਧਰਾਤਲ ਵਿਚ ਖੁਭੀ ਹੋਈ ਹੈ, ਉਹ ਹੋਰ ਵੀ ਮੰਦੀ ਹੋ ਜਾਵੇਗੀ।

ਇਸ ਲਈ ਇਸ ਚੈਲਿੰਜ ਨੂੰ ਸਿੱਧੇ ਮੱਥੇ ਲੈਣ ਦਾ ਸਾਡਾ ਵਿਦੇਸ਼ੀ ਭਾਰਤੀਆਂ ਦਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਏਕੇ ਦੇ ਜ਼ੋਰ ਨਾਲ ਇਸ ਧੱਕੇਸ਼ਾਹੀ ਵਿਰੁਧ ਲਾਮਬੰਦ ਹੋਈਏ। ਦੂਹਰੀ ਸ਼ਹਿਰੀਅਤ (Dual Citizemship ਇਸ ਦਾ ਇਕੋ ਇਕ ਹੱਲ ਹੈ। ਜੇ ਹੋਰ ਦੇਸ਼ਾਂ ਵਾਲੇ ਦੂਹਰੀ ਸ਼ਹਿਰੀਅਤ ਰੱਖ ਸਕਦੇ ਹਨ ਤਾਂ ਕੀ ਕਾਰਨ ਹੈ ਕਿ ਭਾਰਤ ਸਰਕਾਰ ਏਸ ਨੂੰ ਮੰਨਣ ਤੋਂ ਇਨਕਾਰੀ ਹੋਵੇ?

ਜ਼ਾਤੀ ਗਰਜ਼ਾਂ ਦੀ ਪੂਰਤੀ ਖਾਤਰ ਸਭਾ, ਸੁਸਾਇਟੀਆਂ ਅੱਗੇ ਹੀ ਕੈਨੇਡਾ ਵਿਚ ਬਥੇਰੀਆਂ ਹਨ-ਅਜਿਹੀ ਸੰਸਥਾ ਦੀ ਹੁਣ ਪ੍ਰਮੁੱਖ ਲੋੜ ਹੈ ਜੋ ਸਮੁੱਚੇ ਵਿਦੇਸ਼ੀ ਭਾਰਤੀ ਆਪਣੇਹਕਾਂ ਲਈ ਸੰਗਠਤ ਕਰਨ ਤਾਂ ਕਿ ਭਾਰਤ ਸਰਕਾਰ ਦੀਆਂ ਸਮੇਂ ਸਮੇਂ ਚਲਾਈਆਂ ਚਾਲਾਂ ਦਾ ਮੂੰਹ ਤੋੜ ਜੁਆਬ ਦਿਤਾ ਜਾ ਸਕੇ। 'ਕੈਨੇਡਾ ਦਰਪਣ' ਨੂੰ ਅਜਿਹੀ ਬੇਗਰਜ਼ ਸੰਸਥਾ ਦਾ ਬੁਲਾਰਾ ਬਨਣ ਵਿਚ ਕੋਈ ਝਿਜਕ ਨਹੀਂ-ਹੋਵੇਗੀ ਜੋ ਸਮੁੱਚੇ ਭਾਰਤੀਆਂ ਦੇ ਹੱਕਾਂ ਲਈ ਜੂਝੇ। ਇਸ ਲਈ ਵਕਤ ਹੈ ਕਿ ਅਸੀਂ ਵਿਦੇਸ਼ੀ ਵਸਦੇ ਭਾਰਤੀ ਸੰਜੀਦਗੀ ਨਾਲ ਇਸ ਮਸਲੇ ਨੂੰ ਮਿਲ ਕੇ ਵਿਚਾਰੀਏ ਤੇ ਯੋਗ ਕਦਮ ਪੁਟੀਏ!

ਸੰਪਾਦਕੀ ਟਿੱਪਣੀ

ਅਮਰੀਕੀ ਕਾਰਪੋਰੇਸ਼ਨਾਂ ਬੀ. ਸੀ. ਦੀਆਂ ਲੱਕੜ-ਮਿੱਲਾਂ ਨੂੰ ਤਬਾਹ ਕਰਨ ਦੇ ਰਾਹ ਤੇ

ਪਿਛਲੇ ਕੁਝ ਸਮੇਂ ਤੋਂ ਅਮਰੀਕਨ ਕਾਰਪੋਰੇਸ਼ਨਾਂ ਵਲੋਂ ਅਜਿਹੇ ਹੱਥ-ਕੰਡੇ ਵਰਤੇ ਜਾ ਰਹੇ ਹਨ ਤਾਂ ਕਿ ਕੈਨੇਡਾ ਤੇ ਖਾਸਕਰ ਬੀ. ਸੀ. ਦੀਆਂ ਲੱਕੜ ਦੀਆਂ ਮਿਲਾ ਦਾ ਮਾਲ ਅਮਰੀਕਨ ਮਾਰਕਿਟ ਵਿਚੋਂ ਰੋਕਿਆ ਜਾ ਸਕੇ। ਅਮਰੀਕਾ ਵਿਚ 30 ਫੀ ਸਦੀ ਹਿਸਾ ਬੀ. ਸੀ. ਕੰਪਨੀਆਂ ਦੀਆਂ ਲੱਕੜ-ਮਿਲਾਂ ਦਾ ਜਾਂਦਾ ਹੈ ਤੇ ਬੀ. ਸੀ. ਅਜਿਹਾ ਸੂਬਾ ਹੈ ਜਿਸ ਦੀ ਆਰਥਕਤਾ ਏਸੇ ਤੇ ਨਿਰਭਰ ਕਰਦੀ ਹੈ। ਵੱਡੀਆਂ ਕਨੇਡੀਅਨ ਫਰਮਾਂ ਅਮਰੀਕਨ ਮਾਰਕਿਟ ਵਿਚ ਅਮਰੀਕਨ ਕੰਪਨੀਆਂ ਤੇ ਕਾਰਪੋਰੇਸ਼ਨਾਂ ਰਾਹੀਂ ਲੱਕੜ ਦਾ ਮਾਲ ਸਪਲਾਈ ਕਰਦੀਆ ਹਨ। ਇਸ ਲਈ ਕੈਨੇਡਾ ਦੀਆ ਫ਼ਾਰੈਸਟ ਕੰਪਨੀਆਂ ਲਈ ਅਮਰੀਕਨ ਮਾਰਕਿਟ ਵਿਚ ਪੈਰ ਜਮਾਉਣੇ ਸੌਖੇ ਨਹੀਂ ਹਨ।

ਕੁਝ ਖੇਤਰਾਂ ਵਿਚ ਇਹ ਸੁਝਾ ਸਾਹਮਣੇ ਆ ਰਿਹਾ ਹੈ ਕਿ ਏਜੰਟਾਂ ਰਾਹੀਂ ਲੱਕੜ ਦਾ ਮਾਲ ਵੇਚਣ ਦੀ ਥਾਂ 'ਮਾਰਕੀਟਿੰਗ ਬੋਰਡ' ਬਣਾਇਆ ਜਾਵੇ ਜੋ ਲੱਕੜ ਦੀ ਸਪਲਾਈ ਲਈ ਜ਼ਿਮੇਵਾਰ ਹੋਵੇ।

ਛੋਟੀਆਂ ਕੰਪਨੀਆਂ ਦੀਆਂ ਮੁਸੀਬਤਾਂ ਲਈ ਵੱਡੀਆਂ ਕਾਰਪੋਰੇਸ਼ਨਾਂ ਹੀ ਜ਼ਿਮੇਵਾਰ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਤੇ ਬੀ. ਸੀ. ਸਰਕਾਰ ਨੂੰ ਸੂਬੇ ਦੀ ਤਬਾਹ ਹੋ ਰਹੀ ਲੱਕੜ-ਇੰਡਸਟਰੀ ਵੱਲ ਧਿਆਨ ਦੀ ਤੁਰੰਤ ਲੋੜ ਹੈ।

ਬਰਸੀ ਦੇ ਮੌਕੇ 'ਤੇ

ਲਾਲਾ ਲਾਜਪਤ ਰਾਏ

ਲਾਲਾ ਲਾਜਪਤ ਰਾਏ ਦਾ ਜਨਮ 28 ਜਨਵਰੀ 1865 ਨੂੰ ਢੁੱਡੀਕੇ 'ਚ ਹੋਇਆ। ਆਪ ਦੇ ਬਜ਼ੁਰਗ ਮਲੇਰਕੋਟਲੇ ਦੇ ਰਹਿਣ ਵਾਲੇ ਸਨ, ਜੋ ਪਿਛੋਂ ਜਗਰਾਉਂ ਆ ਵਸੇ। ਉਨ੍ਹਾਂ ਦੇ ਦਾਦਾ ਪਹਿਲੋਂ ਪਟਵਾਰੀ ਸਨ, ਫੇਰ ਦੁਕਾਨ ਕਰਨ ਲਗ ਪਏ। ਉਨ੍ਹਾਂ ਦੀ ਦਾਦੀ ਬੜੇ ਧਾਰਮਿਕ ਵਿਚਾਰਾਂ ਵਾਲੀ, ਨੇਕ ਦਿਲ, ਆਏ ਗਏ ਦੀ ਆਓ-ਭਗਤ ਕਰਨ ਵਾਲੀ ਦਾਨੀ ਇਸਤਰੀ ਸੀ। ਪਿਤਾ ਮੁਨਸ਼ੀ ਰਾਧਾ ਕ੍ਰਿਸ਼ਨ, ਉਰਦੂ ਫਾਰਸੀ ਦੇ ਅਧਿਆਪਕ ਸਨ। ਮਾਤਾ ਸ੍ਰੀਮਤੀ ਗੁਲਾਬ ਦੇਵੀ ਸਿਖ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੀ ਇਸਤਰੀ ਸੀ। ਉਹ ਬੜੇ ਨਿੱਘੇ ਸੁਭਾ ਤੇ ਅਡੋਲ ਚਿੱਤ ਵਾਲੀ ਸੀ। ਅਧਿਆਤਮਿਕ ਵਿਚਾਰਧਾਰਾ, ਆਚਰਨ ਦੀ ਉਚਤਾ ਤੇ ਉਸਾਰ ਕੰਮ ਕਰਨ ਦੀ ਰੁਚੀ ਲਾਲਾ ਜੀ ਨੇ ਆਪਣੀ ਮਾਤਾ ਤੋਂ ਪ੍ਰਾਪਤ ਕੀਤੀ। ਸਕੂਲ ਜੀਵਨ 'ਚ ਉਨ੍ਹਾਂ ਨੇ ਹਮੇਸ਼ਾ ਵਜ਼ੀਫੇ ਪ੍ਰਾਪਤ ਕੀਤੇ। ਮੈਟਰਿਕ ਤੋਂ ਪਿਛੋ ਉਹਨਾਂ ਗੌਰਮਿੰਟ ਕਾਲਜ ਲਾਹੌਰ ਤੋਂ ਐਫ. ਏ. ਪਾਸ ਕਰਕੇ ਕਾਨੂੰਨ ਦਾ ਇਮਤਿਹਾਨ ਪਾਸ ਕਰ ਲਿਆ।

ਜੁਆਨੀ ਦੇ ਦਿਨਾਂ 'ਚ ਹੀ ਲਾਲਾ ਜੀ ਆਰੀਆ ਸਮਾਜ ਲਹਿਰ 'ਚ ਵਧ ਚੜ੍ਹ ਕੇ ਹਿਸਾ ਲੈਣ ਲਗ ਪਏ। ਉਨ੍ਹਾਂ ਨੇ ਸਮਾਜਕ ਅੰਦੋਲਨ ਧਾਰਮਿਕ ਨਵ-ਨਿਰਮਾਣ ਤੇ ਵਿਦਿਅਕ ਉਨਤੀ ਲਈ ਕਾਫੀ ਕੰਮ ਕੀਤੇ।

ਉਨ੍ਹਾਂ ਨੇ ਹਿਸਾਰ ਵਿਚ ਰਹਿ ਕੇ ਵਕਾਲਤ ਤਾਂ ਸ਼ੁਰੂ ਕਰ ਦਿਤੀ ਪਰ ਹਿਸਾਰ ਵਰਗੀ ਥਾਂ ਉਨ੍ਹਾਂ ਦੀਆਂ ਗਤੀ-ਵਿਧੀਆਂ ਲਈ ਬੜੀ ਛੋਟੀ ਸੀ। ਸੋ ਉਹ ਫੇਰ ਲਾਹੌਰ ਆ ਗਏ ਤੇ ਮਹਾਤਮਾ ਹੰਸ ਰਾਜ ਨਾਲ ਰਲ ਕੇ ਕਈ ਆਰੀਆਂ ਸਮਾਜ ਕੇਂਦਰ ਤੇ ਡੀ. ਏ. ਵੀ. ਸਕੂਲ ਖੋਲ੍ਹੇ।

1888 ਦਾ ਸਾਲ ਲਾਲਾ ਜੀ ਦੇ ਜੀਵਨ ਵਿਚ ਬੜਾ ਮਹੱਤਵਪੂਰਨ ਸਾਲ ਸੀ। ਉਦੋਂ ਉਹ 23 ਸਾਲਾਂ ਦੇ ਭਰ ਜੁਆਨ ਸਨ ਜਦੋਂ ਉਹ ਰਾਜਨੀਤੀ ਦੀ ਵਿਸ਼ਾਲ ਖੇਤਰ ਵਿਚ ਕੁੱਦ ਪਏ। ਉਹਨਾਂ ਨੇ ਕੁਝ ਜੀਵਨੀਆਂ ਵੀ ਲਿਖੀਆਂ ਜਿਨ੍ਹਾਂ ਵਿਚੋਂ ਮੈਜ਼ਿਨੀ, ਗਾਰੀਬਾਲਡੀ, ਸ਼ਿਵਾ ਜੀ, ਸ੍ਰੀ ਕ੍ਰਿਸ਼ਨ ਤੇ ਸਵਾਮੀ ਦਯਾ ਨੰਦ ਸਰਸਵਤੀ ਦੇ ਜੀਵਨ ਬੜੇ ਪ੍ਰਸਿਧ ਹਨ। ਥੋੜ੍ਹੇ ਹੀ ਸਮੇਂ ਵਿਚ ਉਹ ਚੋਣਵੇ ਭਾਰਤੀ ਰਾਜਸੀ ਨੀਤੀਵਾਨਾਂ ਵਿਚੋ ਗਿਣੇ ਜਾਣ ਲਗ ਪਏ।

1901 ਵਿਚ "ਅਕਾਲ-ਕਮਿਸ਼ਨ" ਨਿਯੁਕਤ ਹੋਇਆ, ਜਿਸ ਵਿਚ ਲਾਲਾ ਜੀ ਗੁਆਹੀਂ ਲਈ ਸੱਦੇ ਗਏ। ਉਨ੍ਹਾਂ ਦੀ ਗੁਆਹੀ ਇਤਨੀ ਲਾਭਦਾਇਕ ਸਿੱਧ ਹੋਈ ਕਿ ਸਰਕਾਰ ਨੂੰ ਕਾਲ ਤੋਂ ਬਚੇ ਯਤੀਮ ਬੱਚਿਆਂ ਪ੍ਰਤੀ ਆਪਣਾ ਫੈਸਲਾ ਬਦਲਣ ਤੇ ਮਜ਼ਬੂਰ ਹੋਣਾ ਪਿਆ। ਨਤੀਜਾ ਇਹ ਨਿਕਲਿਆ ਕਿ ਸਭ ਕੌਮਾਂ ਨੇ ਬੇ-ਆਸਰਾਂ ਬੱਚਿਆਂ ਲਈ ਯਤੀਮਖਾਨੇ ਖੋਲ੍ਹੇ।

1915 'ਚ ਕਾਂਗੜੇ ਦੇ ਭੁਚਾਲ ਕਾਰਨ ਬਹੁਤ ਸਾਰੇ ਲੋਕ ਮਾਰੇ ਗਏ ਤੇ ਸੰਪਤੀ ਨਸ਼ਟ ਹੋਈ। ਉਨ੍ਹਾਂ ਤੋਂ ਇਹ ਦੁਖਦਾਈ ਨਜ਼ਾਰਾ ਵੇਖਿਆ ਨਾ ਗਿਆ। ਉਨ੍ਹਾਂ ਸਾਰੇ ਪੰਜਾਬ ਦਾ ਚੱਕਰ ਲਗਾਇਆ ਤੇ ਭੁਚਾਲ ਪੀੜਤਾਂ ਲਈ ਬਹੁਤ ਸਾਰਾ ਸਹਾਇਤਾ ਫੰਡ ਇਕੱਠਾ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਲੋਕ ਭਲਾਈ ਦੇ ਕੰਮਾਂ 'ਚ ਕਾਫੀ ਮਾਨਤਾ ਪ੍ਰਾਪਤ ਕੀਤੀ। ਉਸੇ ਸਾਲ ਉਨ੍ਹਾਂ ਨੂੰ ਗੋਪਾਲ ਕ੍ਰਿਸ਼ਨ ਗੋਖਲੇ ਨਾਲ ਕਾਂਗਰਸ ਵਲੋਂ ਇੰਗਲੈਂਡ ਭੇਜਿਆ ਗਿਆ, ਜਿਥੇ ਲਾਲਾ ਜੀ ਨੇ ਆਪਣੇ ਭਾਸ਼ਨਾਂ ਰਾਹੀਂ ਅੰਗਰੇਜ਼ੀ ਸਰਕਾਰ ਦੇ ਭਾਰਤੀਆਂ ਨਾਲ ਕੀਤੇ ਜ਼ੁਲਮਾਂ ਦਾ ਕੱਚਾ ਚਿੱਠਾ ਫੋਲਿਆ।

1907 ਵਿਚ ਪੰਜਾਬ ਵਿਚ ਆਬਆਨੇ ਦੀਆਂ ਦਰਾਂ ਵਧਾ ਦਿਤੀਆਂ ਗਈਆਂ। ਕਿਸਾਨਾਂ ਵਿਚ ਬੜੀ ਨਾਰਾਜ਼ਗੀ ਤੇ ਗੁੱਸਾ ਪੈਦਾ ਹੋ ਗਿਆ। ਲਾਲਾ ਜੀ ਨੇ ਰੋਸ-ਸੰਗਰਾਮ ਵਿਚ ਵਧ ਚੜ੍ਹ ਕੇ ਹਿਸਾ ਪਾਇਆ। ਲਾਇਲਪੁਰ ਵਿਚ ਉਨ੍ਹਾਂ ਬੜਾ ਜ਼ੋਰਦਾਰ ਭਾਸ਼ਨ ਦਿਤਾ। ਫਲਸਰੂਪ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦੇ ਕੇ ਮਾਂਡਲੇ ਭੇਜ ਦਿਤਾ ਗਿਆ। ਪਰ ਕੁਝ ਮਹੀਨਿਆਂ ਪਿਛੋਂ ਉਨ੍ਹਾਂ ਨੂੰ ਰਿਹਾ ਕਰ ਦਿਤਾ ਗਿਆ। 1914 ਵਿਚ ਉਹ ਫੇਰ ਇੰਗਲੈਂਡ ਗਏ ਤੇ ਉਥੇ ਹੀ ਅਮਰੀਕਾ ਚਲੇ ਗਏ। ਉਥੇ ਉਨ੍ਹਾਂ ਭਾਰਤੀ ਸਮੱਸਿਆਵਾਂ ਬਾਰੇ ਪੁਸਤਕਾਂ ਲਿਖੀਆਂ ਤੇ ਭਾਸ਼ਨ ਦਿਤੇ ਅਤੇ "ਇੰਡੀਅਨ-ਹੋਮ-ਰੂਲ ਲੀਗ" ਸਥਾਪਤ ਕੀਤੀ। 1920 ਵਿਚ ਉਹ ਵਾਪਸ ਭਾਰਤ ਪਰਤ ਆਏ। ਉਸੇ ਸਾਲ ਉਹ ਭਾਰਤੀ ਕੌਮੀ ਕਾਂਗਰਸ ਕਲਕੱਤਾ ਦੇ ਵਿਸ਼ੇਸ਼ ਸਮਾਗਮ ਦੇ ਪ੍ਰਧਾਨ ਚੁਣੇ ਗਏ। ਇਸੇ ਸਮਾਗਮ ਵਿਚ ਮਹਾਤਮਾ ਗਾਂਧੀ ਨੇ ਨਾ-ਮਿਲਵਰਤਣ ਲਹਿਰ ਦਾ ਪ੍ਰੋਗਰਾਮ ਪੇਸ਼ ਕੀਤਾ। ਸਰਕਾਰ ਵਲੋਂ ਜਨਤਕ ਜਲਸਿਆਂ ਉਤੇ ਪਾਬੰਦੀ ਲਗਾਈ ਗਈ ਪਰ ਲਾਲਾ ਜੀ ਨੇ ਪਾਬੰਦੀ ਦੀ ਉਲੰਘਣਾ ਕਰਕੇ ਇਕ ਇਕੱਠ ਦੀ ਪ੍ਰਧਾਨਗੀ ਕੀਤੀ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਰਿਹਾ ਹੋਣ ਉਪਰੰਤ ਪੰਡਤ ਨਹਿਰੂ ਦੀ "ਸਵਰਾਜ ਪਾਰਟੀ" ਵਿਚ ਸ਼ਾਮਲ ਹੋ ਗਏ ਤੇ ਇਸੇ ਪਾਰਟੀ ਦੇ ਟਿਕਟ ਉਤੇ ਸੈਂਟਰਲ ਅਸੈਂਬਲੀ ਦੇ ਮੈਂਬਰ ਚੁਣੇ ਗਏ।

1928 ਵਿਚ ਸਾਈਮਨ ਕਮਿਸ਼ਨ ਲਾਹੌਰ ਆਇਆ। ਲਾਲਾ ਜੀ ਦੀ ਅਗਵਾਈ ਹੇਠ ਇਕ ਤਕੜਾ ਰੋਸ ਜਲੂਸ ਸਾਈਮਨ ਕਮਿਸ਼ਨ ਵਿਰੁਧ ਕੱਢਿਆ ਗਿਆ। ਜਲੂਸ ਕਾਨੂੰਨ ਵਿਰੁਧ ਕਰਾਰ ਦੇ ਕੇ ਪੁਲੀਸ ਨੇ ਲਾਠੀਚਾਰ ਜ ਕੀਤਾ। ਲਾਲਾ ਜੀ ਨੂੰ ਬਹੁਦ ਸੱਟਾਂ ਲੱਗੀਆਂ, ਉਹ ਸਖਤ ਜ਼ਖਮੀ ਹੋ ਗਏ ਤੇ ਇਨ੍ਹਾਂ ਸੱਟਾਂ ਸਦਕਾ ਹੀ 17 ਨਵੰਬਰ 1928 ਨੂੰ ਚਲਾਣਾ ਕਰ ਗਏ।

ਗੁਰੂ ਨਾਨਕ ਸਿਖ ਟੈਂਪਲ (ਡੈਲਟਾ-ਸਰੀ) ਦੀ ਨਵੇਂ ਸਾਲ ਦੀ ਚੋਣ ਸਰਬਸੰਮਤੀ ਨਾਲ

ਸਰੀ-ਸੂਚਨਾ ਮਿਲੀ ਹੈ ਕਿ ਗੁਰੂ ਨਾਨਕ ਸਿਖ ਟੈਂਪਲ ਡੈਲਟਾ ਸਰੀ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ। ਹੇਠ ਲਿਖੇ ਸੇਵਾਦਾਰ ਚੁਣੇ ਗਏ:

ਗੁਰਚਰਨ ਸਿੰਘ ਹੀਰ————————— ਪ੍ਰਧਾਨ
ਜੋਗਿੰਦਰ ਸਿੰਘ ਸੰਘੇੜਾ————————— ਮੀਤ-ਪ੍ਰਧਾਨ
ਮਲਕੀਤ ਸਿੰਘ ਦੋਸਾਂਝ————————— ਸਕੱਤਰ
ਸੁਰਜੀਤ ਸਿੰਘ ਸੰਘੇੜਾ————————— ਮੀਤ ਸਕੱਤਰ
ਬਲਵੀਰ ਸਿੰਘ ਬਾਸੀ————————— ਰੀਕਾਰਡਿੰਗ ਸਕੱਤਰ
ਹਰਜਿੰਦਰ ਸਿੰਘ ਢਿਲੋਂ————————— ਖਜ਼ਾਨਚੀ
ਆਮਤਾਜੀਤ ਸਿੰਘ ਔਜਲਾ————————— ਮੀਤ
ਆਤਮਾਜੀਤ ਸਿੰਘ ਔਜਲਾ————————— ਮੀਤ ਖਜ਼ਾਨਚੀ
ਰਣਜੀਤ ਸਿੰਘ ਗਿੱਲ————————— ਮੈਂਬਰ
ਹਰਛਿੰਦਰ ਸਿੰਘ ਸੰਘੇੜਾ————————— ਮੈਂਬਰ

ਮੁਬਾਰਕਨਾਮੇ

GURCHARAN SINGH TOHRA M.P.

PRESIDENT
Shromani G. P. Committee,
AMRITSAR.
No. 924 F
oct. 22,1982

Dear S. Darshan singh ji,

Your efforts and your intentions are really laudable. Wherever we may happen to go, we should remain at heart a punjabi. If we allow our roots to wither away, it is bound to affect our growth. It is a very worthy effort on your part to keep these roots green. Punjabi is a very rich culture which the sikhs, above everybody else, have helped to cultivate and safe guard. Its projection abroad must keep this fact in mind for any objective approach.

Wishing you all sucess,
Yours sincercly,
Gurcharan singh Tohra

ਪਿਆਰੇ ਦਰਸ਼ਨ,
ਯਾਦ।

'ਕੈਨੇਡਾ ਦਰਪਣ' ਦਾ ਪਹਿਲਾ ਅੰਕ ਨਵੰਬਰ ਵਿਚ ਆ ਰਿਹਾ ਹੈ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕੈਨੇਡਾ ਵਿਚ ਅਜੇ ਇਕ ਅਜਿਹੇ ਪੰਜਾਬੀ ਦੇ ਪਰਚੇ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਜੋ ਕਿ ਕੈਨੇਡਾ ਦੇ ਪੰਜਾਬੀਆਂ ਦਾ ਇਕ ਸਾਂਝਾ ਪਰਚਾ ਬਣ ਸਕੇ। ਕੈਨੇਡਾ ਵਿਚੋਂ ਛਪ ਰਹੇ ਅਖਬਾਰਾਂ ਦੇ ਕੋਲ ਸਿਵਾਏ ਖਾਲਿਸਤਾਨੀਆਂ ਦੀਆਂ ਸਨਸਨੀਖੇਜ਼ ਖਬਰਾਂ, ਮੌਕਾ ਪ੍ਰਸਤੀ ਅਤੇ ਤਿਕੜਮਬਾਜ਼ੀ ਦੇ ਇਨ੍ਹਾਂ ਕੋਲ ਕੁਝ ਵੀ ਬਾਕੀ ਨਹੀਂ ਰਹਿ ਗਿਆ।ਭਾਵੇਂ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਹ ਅਖਬਾਰ ਵੀ ਮੁੱਢ ਵਿੱਚ ਪੰਜਾਬੀਆਂ ਦੀ ਇਕ ਸਾਂਝੀ ਆਵਾਜ਼ ਬਨਣ ਲਈ ਪ੍ਰਯਤਨਸ਼ੀਲ ਰਹੇ ਹਨ। ਮੈਨੂੰ ਉਮੀਦ ਹੈ ਕਿ ਕੈਨੇਡਾ ਦਰਪਣ ਕੈਨੇਡਾ ਦੇ ਪੰਜਾਬੀਆਂ ਅਤੇ ਪੰਜਾਬੀ ਲੇਖਕਾਂ ਦੀ ਇੱਕ ਸਾਂਝੀ ਅਤੇ ਦਲੇਰਾਨਾ ਆਵਾਜ਼ ਬਣੇਗਾ।

ਸ਼ੁਭ ਇਛਾਵਾਂ ਸਹਿਤ

ਟਰਾਂਟੋ

ਤੇਰਾ
ਸੁਖਿੰਦਰ

ਬੱਚੇ ਦੀ ਮੁਬਾਰਕ!

ਵੈਨਕੂਵਰ: ਬਲਰਾਜ ਸਿੰਘ ਰਾਏ (ਰਾਜਾ) ਹੋਰਾਂ ਨੇ ਸੂਚਨਾ ਦਿਤੀ ਹੈ ਕਿ ਉਨ੍ਹਾਂ ਦੀ ਭੈਣ ਬੀਬੀ ਗੁਰਦੀਪ ਕੌਰ ਉਪਲ ਦੇ ਘਰ 19 ਨਵੰਬਰ ਨੂੰ ਕਾਕੇ ਨੇ ਜਨਮ ਲਿਆ ਹੈ। ਬੱਚਾ ਤੇ ਬੀਬੀ ਚੰਗੀ ਸਿਹਤਯਾਫ਼ਤਾ ਹਨ।

'ਕੈਨੇਡਾ ਦਰਪਣ' ਬਲਰਾਜ ਸਿੰਘ ਰਾਏ ਤੇ ਰੇਸ਼ਮ ਸਿੰਘ ਉਪਲ ਦੇ ਪ੍ਰਵਾਰ ਨਾਲ ਖੁਸ਼ੀ ਵਿਚ ਸ਼ਾਮਲ ਹੈ।

ਗੁਫ਼ਤਗੂ

—ਸੁਰਜੀਤ ਸਿੰਘ ਸੰਧੂ ਰਿਚਮੰਡ

(ਆਰਾ ਮਿਲ 'ਚ ਕੰਮ ਕਰਦੇ ਸਿੱਖ ਨੌਜਵਾਨ ਕਾਮਿਆਂ ਦੀ ਰੋਟੀ ਖਾਣ ਵੇਲੇ ਗੁਫ਼ਤੋ-ਸ਼ਨੀਦ)

ੳ—ਬੜੀ ਖੁਸ਼ੀ ਦੀ ਗੱਲ ਏ ਕਿ ਗੁਰਦੁਆਰੇ ਨੇ ਰਿਚਮੰਡ ਵਿਚ ਕੁਛ ਜਗ੍ਹਾ ਖਰੀਦ ਲਈ ਹੈ ਜਿਥੇ ਖੇਡਣ ਲਈ ਗਰਾਊਂਡ, ਸਕੂਲ ਤੇ ਹੋਰ ਕਈ ਕਿਸਮ ਦੀਆਂ ਸਹੂਲਤਾਂ ਲਈ ਇਹ ਜਗ੍ਹਾ ਵਰਤੀ ਜਾਵੇਗੀ।

ਅ—ਗੱਲ ਤਾਂ ਬੜੀ ਚੰਗੀ ਕੀਤੀ। ਆਮ ਲੋਕਾਂ ਨੇ ਬੜੀ ਵਧ ਚੜ੍ਹਕੇ ਉਗਰਾਹੀ ਦਿੱਤੀ। ਐਥੋਂ ਤਕ ਕਿ ਖੇਤਾਂ ਵਿਚ ਲੱਕ ਤੋੜਵਾਂ ਕੰਮ ਕਰਨ ਵਾਲਿਆਂ ਨੇ ਠੇਕੇਦਾਰਾਂ ਦਾ ਢਿੱਡ ਭਰਕੇ ਜਿਹੜੇ ਚਾਰ ਛਿੱਲੜ ਬਾਰਾਂ ਤੇਰਾਂ ਘੰਟੇ ਕੰਮ ਕਰਕੇ ਕਮਾਏ ਸਨ, ਉਹ ਸਾਰੇ ਉਗਰਾਹੀ 'ਚ ਦੇ ਦਿਤੇ। ਪਰ ਸੁਣਿਆ ਕਿ ਇਹ ਜੋ ਸਿੱਖ ਮਿਲਾਂ ਦੇ ਮਾਲਕ ਨੇ ਇਨ੍ਹਾਂ ਨੇ ਇਕ ਦਮੜੀ ਨਹੀਂ ਦਿਤੀ।

ੳ—ਬੜਾ ਚੰਗਾ ਹੋਇਆ ਜੋ ਇਨ੍ਹਾਂ ਨੇ ਕੋਈ ਪੈਸਾ ਨਹੀਂ ਦਿਤਾ। ਮੈਂ ਤਾਂ ਪਿਛਲੇ ਐਤਵਾਰ ਗੁਰਦੁਆਰੇ ਜਾ ਕੇ ਆਪਣੀ ਸੁੱਖਣਾ ਲਾਹ ਆਇਆ ਸਾਂ।

ਅ—ਹੈ। ਕੀ ਆਖਿਆ ਈ, ਚੰਗਾ ਹੋਇਆ। ਸੁੱਖਣਾ ਕਾਹਦੀ?

ੳ—ਜੋ ਮਿਲ ਵਾਲੇ ਸਿੱਖ ਭਾਈਆਂ ਨੇ ਕੋਈ ਉਗਰਾਹੀ ਨਹੀਂ ਦਿਤੀ। ਨਹੀਂ ਤਾਂ ਜਿਥੇ ਹੁਣ ਦਸ ਘੰਟੇ ਕੰਮ ਕਰਕੇ ਅੱਠਾਂ ਘੰਟਿਆਂ ਦੀ ਤਨਖਾਹ ਮਿਲਦੀ ਹੈ, ਓਥੇ ਦਸ ਘੰਟੇ ਕੰਮ ਕਰਕੇ ਤਨਖਾਹ ਪੰਜਾਂ ਘੰਟਿਆਂ ਦੀ ਮਿਲਣ ਲੱਗ ਜਾਣੀ ਸੀ।

ਛਪਦੇ ਛਪਦੇ........

ਨਵੇਂ ਪ੍ਰੋਗਰਾਮ ਦਾ ਐਲਾਨ ਸੰਤ ਲੌਗੋਂਵਾਲ 5 ਦਸੰਬਰ ਨੂੰ ਕਰਨਗੇ ਟੌਹੜਾ, ਤਲਵੰਡੀ ਪ੍ਰਮੁੱਖ ਅਕਾਲੀ ਲੀਡਰ ਫਿਰ ਜੇਲ੍ਹਾਂ'ਚ

ਨਵੀਂ ਦਿੱਲੀ — ਭਰੋਸੇਯੋਗ ਸੂਤਰਾਂ ਅਨੁਸਾਰ ਸੰਤ ਹਰਚੰਦ ਸਿੰਘ ਲੌਗੋਂਵਾਲ ਨੇ ਦਿੱਲੀ ਮੋਰਚਾ ਕਮੇਟੀ ਦੇ ਪੰਜ ਮੈਂਬਰਾਂ ਨਾਲ ਚਾਰ ਸਲਾਹਕਾਰ ਨੀਯਤ ਕੀਤੇ ਹਨ ਜਿਨ੍ਹਾਂ ਵਿਚ ਕੈਨੇਡਾ ਦੇ ਪਹਿਲੇ ਜਥੇ ਵਿਚ ਗਏ ਜਥੇਦਾਰ ਤਾਲਿਬ ਸਿੰਘ ਸੰਧੂ ਵੀ ਸ਼ਾਮਲ ਹਨ। ਸਲਾਹਕਾਰਾਂ ਵਿਚ ਮਹਿੰਦਰ ਸਿੰਘ ਰੁਮਾਣਾ, ਸੁੱਚਾ ਸਿੰਘ ਛੋਟੇਪੁਰ ਤੇ ਸੁਰਜੀਤ ਸਿੰਘ ਸਰਪੰਚ(ਅੰਮ੍ਰਿਤਸਰ) ਹਨ। ਜਥੇਦਾਰ ਤਾਲਿਬ ਸਿੰਘ ਸੰਧੂ ਹੋਰਾਂ ਦੀ ਜ਼ੁਮੇਂਵਾਰੀ ਸੰਤ ਲੌਗੋਂਵਾਲ ਨੇ ਦਿੱਲੀ ਬੰਗਲਾ ਸਾਹਿਬ ਗੁਰਦੁਆਰੇ ਤੋਂ ਹਰਰੋਜ਼ ਜਥੇ ਭੇਜਣ ਦੀ ਲਗਾਈ ਹੈ। ਹਰਰੋਜ਼ 25 ਆਦਮੀਆਂ ਦਾ ਜਥਾ ਸੀਸ ਗੰਜ ਗੁਰਦੁਆਰਾ ਸਾਹਿਬ ਤੋਂ ਤੁਰਦਾ ਹੈ। ਫਿਰ ਜਥੇ ਏਸ਼ੀਅਨ ਖੇਡਾਂ ਵਾਲੀਆਂ ਥਾਵਾਂ ਤੇ ਜਾਂਦੇ ਹਨ।

ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮੋੜ ਗ੍ਰਿਫ਼ਤਾਰ ਕਰ ਲਏ ਗਏ ਹਨ।

5 ਦਸੰਬਰ ਨੂੰ ਅਕਾਲੀ ਆਪਣੇ ਨਵੇਂ ਪਰੋਗਰਾਮ ਦਾ ਐਲਾਨ ਕਰਨਗੇ।

ਏਸ਼ੀਅਨ ਖੇਡਾਂ ਤੇ ਅਕਾਲੀ ਮੋਰਚਾ ਕੋਈ ਪ੍ਰਭਾਵ ਪਾਉਣ ਤੋਂ ਅਸਮਰੱਥ ਰਿਹਾ ਹੈ।

ਮੂੰਹ ਆਈ ਬਾਤ ਨਾ ਰਹਿੰਦੀ ਹੈ

'ਫੱਕਰ'

ਭਾਰਤ ਬੁਲਾ ਰਿਹਾ ਹੈ —ਸਾਇੰਸਦਾਨਾਂ ਨੂੰ ਮੋਹ ਲੈਣ ਵਾਲੀਆਂ ਤਨਖਾਹਾਂ ਦੀ ਸਰਕਾਰੀ ਪੇਸ਼ਕਸ਼!

— ਇਕ ਖਬਰ

ਈਰਖਾਲੂ ਅਫ਼ਸਰਸ਼ਾਹੀ ਤੋਂ ਉਨ੍ਹਾਂ ਨੂੰ ਕਿਵੇਂ ਬਚਾ ਕੇ ਰੱਖੋਗੇ, ਮੇਰੀ ਸਰਕਾਰ!

ਪ੍ਰਦੇਸਾਂ'ਚੋਂ ਭਾਰਤੀਆਂ ਨੇ 50 ਅਰਬ ਰੁਪਿਆ ਵਤਨ ਭੇਜਿਆ।

— ਇਕ ਖਬਰ

—ਵਾਹ! ਮੇਰੀ ਸਰਕਾਰ — ਏਸੇ ਕਾਰਨ ਉਨ੍ਹਾਂ ਦੀਆਂ ਜ਼ਮੀਨਾਂ ਖੋਹਣ ਦੇ ਹੁਕਮ ਜਾਰੀ ਕਰ ਦਿਤੇ।

ਸੋਨੇ ਰੰਗੀ ਸੜਕ ਤ

—ਸਾਧੂ ਦਾ ਕਵਿ ਸੰਗ੍ਰਹਿ

—ਸੋਨੇ ਰੰਗੀ ਸੜਕ ਤੇ ਸਾਧੂ ਦਾ ਕੀ ਕੰਮ?

ਬਾਹਰੋਂ ਆਇਆ ਆਦਮੀ

—ਅਮਰਜੀਤ ਚਾਹਲ

ਅੰਦਰ ਵਾਲੇ ਨੂੰ ਕੱਢਕੇ ਮਾਲਿਕ ਬਣ ਕੇ ਬਹਿ ਗਿਆ।

ਦੁਬਿਧਾ, ਬੇਚੈਨ ਸਦੀ, ਅਪੇਰੀਆਂ ਵਾਟਾਂ

—ਗੁਰੂਮੇਲ ਦੇ ਕਵਿ ਸੰਗ੍ਰਹਿ

—ਇਕ ਦੇ ਹੋਕੇ ਰਹੋ ਤਾਂ
ਫਿਰ ਨਾ ਦੋਬਿਧਾ ਪੈਂਦੀ
ਸਦੀ ਫੇਰ ਬੇਚੈਨ ਨਾ ਹੋਵੇ
ਵਾਟ ਅਪੇਰੀ ਵੀ ਨਾ ਤੁਰਨੀ ਪੈਂਦੀ

ਸਬਕ

—ਆਰਸੀ

—ਸਬਕ ਲੋਕਾਂ ਨੂੰ ਹੀ ਦਿੰਦੇ ਹੋ ਭਾਪਾ ਜੀ ਕਿ ਆਪ ਵੀ ਅਮਲ ਕਰਦੇ ਹੋ?

ਓਕਾਬ ਦੀ ਉਡਾਣ

—ਦਰਸ਼ਨ ਗਿੱਲ

—ਢੁੱਡੀਕੇ ਤੋਂ ਸਿੱਧੀ ਕੈਨੇਡਾ

ਕਸ਼ਮਕਸ਼ ਕਿਉਂ?

—ਇੰਡੋ ਕੈਨੇਡੀਅਨ

—ਬਾਤੋਂ ਕੇ ਸਿਵਾ ਉਨ ਮੇਂ
ਕੋਈ ਬਾਤ ਨਹੀਂ ਹੈ!

ਸੰਤ ਲੌਂਗੋਵਾਲ ਵਲੋਂ ਕੈਨੇਡਾ ਦੀ ਸਿਖ ਕੌਮ ਵਲੋਂ ਭੇਜੇ ਪਹਿਲੇ ਜਥੇ ਦੇ ਮੈਂਬਰਾਂ ਨੂੰ ਅੰਮ੍ਰਿਤਸਰ ਸਾਹਿਬ ਵਿਚ ਸੁਆਗਤ ਸਮੇਂ ਚਾਹ-ਪਾਰਟੀ ਦਾ ਇਕ ਦ੍ਰਿਸ਼

ਪੰਜਾਬ ਦੇ ਲੋਕ ਪ੍ਰਦੇਸ਼ ਨੂੰ ਫੇਰ ਵੰਡਣ ਦੀ ਗਲਤੀ ਨਾ ਕਰਨ

ਖਰੜ (ਪੰਜਾਬ), —ਹਰਿਆਣਾ ਦੇ ਸਨਅਤ ਮੰਤਰੀ ਸ਼੍ਰੀ ਲਛਮਣ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਖਬਰਦਾਰ ਕੀਤਾ ਹੈ ਕਿ ਉਹ ਪੰਜਾਬ ਨੂੰ ਦੋਫਾੜ ਕਰਨ ਦੀ ਗਲਤੀ ਫੇਰ ਨਾ ਕਰਨ। ਉਨ੍ਹਾਂ ਨੇ ਤਰੀਕੇ ਨਾਲ ਉਨ੍ਹਾਂ ਨੂੰ ਸੁਚੇਤ ਕੀਤਾ ਕਿ ਉਹ ਖਾਲਿਸਤਾਨ ਦੀ ਮੰਗ ਦੀ ਹਮਾਇਤ ਨਾ ਕਰਨ।

ਸ਼ਹੀਦ ਕਾਸ਼ੀ ਰਾਮ ਦੀ 100ਵੀਂ ਵਰ੍ਹੇ ਗੰਢ ਦੇ ਸਮਾਰੋਹ ਦਾ ਉਦਘਾਟਨ ਕਰਦੇ ਹੋਏ ਉਹਨਾਂ ਨੇ ਫਿਰਕੂਪੁਣੇ ਦੀ ਘੋਰ ਨਿੰਦਿਆ ਕੀਤੀ ਅਤੇ ਕਿਹਾ ਕਿ ਲੋਕਾਂ ਨੂੰ ਅਜਿਹੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਜਿਹੜੇ ਆਪਣੇ ਸਿਆਸੀ ਮਨੋਰਥ ਲਈ ਲੋਕਾਂ ਨੂੰ ਗਲਤ ਰਸਤੇ ਪਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਫਿਰਕੂਪੁਣੇ ਨੇ ਸਾਡੀ ਸੁਸਾਇਟੀ ਨੂੰ ਘੁੰਣ ਵਾਂਗੂ ਖਾ ਲਿਆ ਹੈ। ਉਨ੍ਹਾਂ ਨੇ ਪੰਜਾਬ, ਹਰਿਆਣਾ ਤੇ ਹਿਮਾਚਲ ਦੇ ਲੋਕਾਂ ਨੂੰ ਕਿਹਾ ਕਿ ਉਹ ਇਸ ਖੇਤਰ ਦੀ ਖੁਸ਼ਹਾਲੀ ਲਈ ਮਿਲ ਕੇ ਕੰਮ ਕਰਨ।

ਚੇਤੇ ਰਹੇ ਕਿ ਸ਼ਹੀਦ ਕਾਸ਼ੀ ਰਾਮ ਨੇ ਕੈਨੇਡਾ ਵਿਚ ਗਦਰ ਪਾਰਟੀ ਦੀ ਨੀਂਹ ਰੱਖੀ ਸੀ ਅਤੇ ਉਹਨਾਂ ਨੂੰ ਲਾਹੌਰ ਜੇਲ ਵਿਚ ਫਾਂਸੀ ਦੇ ਦਿੱਤੀ ਗਈ ਸੀ।

ਅਬੋਹਰ—ਫਾਜ਼ਿਲਕਾ ਲਈ ਮਰਨ ਵਰਤ ਦੀ ਧਮਕੀ

ਕੁਰੂਕਸ਼ੇਤਰ, (ਪੀ. ਟੀ. ਆਈ.) — ਹਰਿਆਣਾ ਕਾਂਗਰਸ (ਜੇ) ਦੇ ਮੀਤ ਪ੍ਰਧਾਨ ਜਗਜੀਤ ਸਿੰਘ ਪੋਹਲੂ ਨੇ ਧਮਕੀ ਦਿੱਤੀ ਹੈ ਕਿ ਪੰਜਾਬ ਨੂੰ ਚੰਡੀਗੜ੍ਹ ਦੇਣ ਦੇ ਇਕ ਹਫਤੇ ਦੇ ਅੰਦਰ ਅੰਦਰ ਜੇ ਫਾਜ਼ਿਲਕਾ ਅਤੇ ਅਬੋਹਰ ਹਰਿਆਣਾ ਨੂੰ ਨਾ ਦਿੱਤੇ ਗਏ ਤਾਂ ਮਰਨ ਵਰਤ ਸ਼ੁਰੂ ਕਰ ਦੇਣਗੇ।

ਉਨ੍ਹਾਂ ਕਿਹਾ ਕਿ ਸ਼ਾਹ ਕਮਿਸ਼ਨ ਨੇ 1966 ਵਿਚ ਚੰਡੀਗੜ੍ਹ ਅਤੇ ਖਰੜ ਪੰਜਾਬ ਨੂੰ ਦੇਣ ਬਾਰੇ ਕਿਹਾ ਸੀ ਤੇ ਪ੍ਰਧਾਨ ਮੰਤਰੀ ਐਵਾਰਡ ਕਾਰਨ ਅਬੋਹਰ ਅਤੇ ਫਾਜ਼ਿਲਕਾ ਹਰਿਆਣਾ ਨੂੰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ ਪਰ ਜੇ ਇਸ ਐਵਾਰਡ ਨੂੰ ਲਾਗੂ ਨਾ ਕੀਤਾ ਗਿਆਂ ਤਾਂ ਹਰਿਆਣਾ ਦੇ ਲੋਕ ਇਹ ਧੱਕਾ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ।

ਦੇਸ਼ ਭਗਤ ਪ੍ਰਵਾਰ ਦੇ ਮਾਤਾ ਜਸਵੰਤ ਕੌਰ ਢਿੱਲੋਂ ਅਕਾਲ ਚਲਾਣਾ ਕਰ ਗਏ

ਵੈਨਕੂਵਰ :- 23 ਨਵੰਬਰ, ਮੰਗਲਵਾਰ ਨੂੰ ਦੇਸ਼ ਭਗਤ ਪਰਵਾਰ ਨੂੰ ਜਸਵੰਤ ਕੌਰ ਢਿੱਲੋਂ ਵਿਛੋੜਾ ਦੇ ਗਏ ਹਨ। ਮਾਤਾ ਜਾ ਨਿਰੰਜਨ ਸਿੰਘ ਪੰਡੋਰੀ ਦੇ ਖਾਨਦਾਨ ਨਾਲ ਸਬੰਧਤ ਸਨ। ਜਿੰਨ੍ਹਾਂ ਦਾ ਪਿਛਲਾ ਪਿੰਡ ਪੰਡੋਰੀ ਲੱਧਾ ਸਿੰਘ ਜ਼ਿਲਾ ਹੁਸ਼ਿਆਰਪੁਰ ਹੈ। ਬਾਬਾ ਨਿਰੰਜਨ ਸਿੰਘ ਪੰਡੋਰੀ ਤੇ ਭਾਈ ਗੁਰਦੇਵ ਸਿੰਘ ਢਿਲੋਂ ਆਪਣੇ ਆਪਣੇ ਸਮੇਂ ਵਿਚ ਮਸ਼ਹੂਰ ਕਵੀ ਹੋਣ ਦੇ ਨਾਲ ਨਾਲ ਪ੍ਰਸਿਧ ਦੇਸ਼ ਭਗਤ ਸਨ ਜਿਨ੍ਹਾਂ ਗ਼ਦਰ ਲਹਿਰ ਵਿਚ ਡੂੰਘਾ ਹਿਸਾ ਪਾਇਆ। ਇਨ੍ਹਾਂ ਦੋਵਾਂ ਦੀ ਕਵਿਤਾ ਤੇ ਵਾਰਤਕ ਇਕੱਤਰ ਕਰਨ ਵਿਚ ਇਸ ਪਰਵਾਰ ਅਤੇ ਸ. ਕੇਸਰ ਸਿੰਘ ਨਾਵਲਿਸਟ ਨੇ ਵਿਸ਼ੇਸ਼ ਹਿਸਾ ਪਾਇਆ ਹੈ। ਇਹ ਪੁਸਤਕ ਜਲਦੀ ਹੀ ਛਪ ਰਹੀ ਹੈ।

ਮਾਤਾ ਜਸਵੰਤ ਕੌਰ ਜੀ ਦੀ ਸਟਰੋਕ ਕਾਰਨ ਇਕ ਪਾਸਾ ਕਮਜ਼ੋਰ ਸੀ ਤੇ ਵ੍ਹੀਲ ਚੇਅਰ ਤੇ ਚਲਦੇ ਸਨ ਪਰ ਫਿਰ ਵੀ ਉਨ੍ਹਾਂ ਵਿਚ ਕਰਾਮਾਤੀ ਸ਼ਕਤੀ ਸੀ। ਉਨ੍ਹਾਂ ਦੇ ਸਪੁੱਤਰਾਂ ਸ. ਜਗਜੀਤ ਸਿੰਘ ਢਿੱਲੋਂ, ਸ. ਦਲਜੀਤ ਸਿੰਘ ਢਿੱਲੋਂ ਤੇ ਸ. ਮਨਜੀਤ ਸਿੰਘ ਢਿੱਲੋਂ ਅਨੁਸਾਰ ਉਨ੍ਹਾਂ ਦਾ ਹੌਸਲਾ ਹਮੇਸ਼ਾ ਬਲੰਦ ਰਹਿੰਦਾ ਸੀ ਤੇ ਉਹ ਆਪਣੇ ਆਪ ਨੂੰ ਬਜ਼ੁਰਗ ਕਹਾ ਕੇ ਕਦੇ ਖੁਸ਼ ਨਹੀਂ ਹੁੰਦੇ ਸਨ ਸਗੋਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਏਥੋਂ ਤੱਕ ਕਿ ਕਮਜ਼ੋਰੀ ਦੌਰਾਨ ਵੀ ਉਨ੍ਹਾਂ ਦੋ ਸੌ ਦੇ ਕਰੀਬ ਕੁਸ਼ਨ ਤਿਆਰ ਕੀਤੇ ਅਤੇ ਜੋ ਛੇ ਡਾਲਰ ਪ੍ਰਤੀ ਤੋਂ ਵੱਧ ਵੇਚ ਕੇ ਉਹ ਮਾਇਆ ਆਪਣੀਆਂ ਨਰਸਾਂ ਨੂੰ ਗਿਫਟਾਂ ਦੇ ਰੂਪ ਵਿਚ ਦੇ ਦਿੰਦੇ ਸਨ।

ਮਾਤਾ ਜੀ ਮਿਲਾਪੜੇ ਸੁਭਾਅ ਦੇ ਸਨ। ਬਿੰਗੋ ਤੇ ਬਾਊਲਿੰਗ ਵਿਚ ਉਨ੍ਹਾਂ ਦੀ ਖਾਸ ਦਿਲਚਸਪੀ ਸੀ। ਇਸ ਬੁਜ਼ਰਗ ਉਮਰ ਵਿਚ ਵੀ ਉਨ੍ਹਾਂ ਬਾਊਲਿੰਗ ਮੁਕਾਬਲੇ ਵਿਚ ਕਈ ਟਰਾਫ਼ੀਆਂ ਲਈਆਂ। ਪਿਛਲੇ ਸੱਤ ਸਾਲ ਤੋਂ ਉਹ ਇਕ ਪਾਸੇ ਦੀ ਕਮਜ਼ੋਰੀ ਕਾਰਨ ਹੋਲੀ ਫੈਮਿਲੀ ਹਸਪਤਾਲ ਵਿਚ ਸਨ।

ਉਨ੍ਹਾਂ ਦੇ 27 ਨਵੰਬਰ ਨੂੰ ਹੋਏ ਦਾਹ ਸੰਸਕਾਰ ਸਮੇਂ ਸ਼ਹਿਰ ਦੇ ਹੋਰ ਦੇਸ਼ ਭਗਤ ਪਰਵਾਰ ਦੇ ਬਾਹਰਲੇ ਸ਼ਹਿਰਾਂ ਤੋਂ ਪਤਵੰਤੇ ਹਾਜ਼ਰ ਸਨ। ਗੁਰਦੁਆਰਾ ਰੌਸ ਸਟਰੀਟ ਦੇ ਗ੍ਰੰਥੀ ਹੋਰਾਂ ਮਾਤਾ ਜਸਵੰਤ ਕੌਰ ਦੇ ਸ਼ਕਤੀ-ਭਰਪੂਰ ਹੌਸਲੇ ਤੇ ਰੋਸ਼ਨੀ ਪਾਈ।

ਸਵਰਗਵਾਸ ਹੋਣ ਸਮੇਂ ਉਹ 79 ਸਾਲ ਦੇ ਸਨ।

ਇਸ ਮਹਾਨ ਆਤਮਾ ਦੀ ਯਾਦ ਵਿਚ ਸਹਿਜ ਪਾਠ ਦਾ ਭੋਗ 11 ਦਸੰਬਰ, 1982 ਸ਼ਨਿਚਰਵਾਰ, ਦੋ ਵਜੇ ਦੁਪਹਿਰ ਤੋਂ ਪਿਛੋਂ 8000, ਰੌਸ ਸਟਰੀਟ ਵੈਨਕੂਵਰ ਗੁਰਦੁਆਰਾ ਸਾਹਿਬ ਪਵੇਗਾ। ਪਰਵਾਰ ਵਲੋਂ ਸੰਗਤਾਂ ਪ੍ਰਤੀ ਪੁਜਣ ਲਈ ਬੇਨਤੀ ਹੈ।

'ਕੈਨੇਡਾ ਦਰਪਣ' ਉਸ ਮਹਾਨ ਮਾਤਾ ਜੀ ਦੇ ਅਕਾਲ ਚਲਾਣੇ ਤੇ ਢਿੱਲੋਂ ਪਰਵਾਰ ਦੇ ਅਸਿਹ ਸਦਮੇ ਸਮੇਂ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹਨ।

HOME IS ALWAYS SWEET
SEE
PAUL GILL
THE PRESIDENT'S CLUB



FOR ALL KINDS OF YOUR
PROPERTY NEEDS

BUS. 853-6411 **RES. 853-0493**

PAGER 853-0500 #398

BLOCK BROS. REALTY LTD.
32641, SOUTH FRASERWAY,
ABBOTSFORD,B.C.

NRS
NATIONAL REAL ESTATE SERVICE

- □**BUYING**
- □**SELLING**

Free Evaluation For Your Property
Call Any Time: Without Any Obligation

MALKIT DHAMI
M.A. (Eco.)

Phone. Office:321-6881
Res:879-9078

BLOCK BROS.
REALTY LIMITED
5842 Cambie Street, Vancouver,B.C.

ਤੁਹਾਡੀ ਹਰ ਕਿਸਮ ਦੀ ਛਪਵਾਈ ਦੀਆਂ ਲੋੜਾਂ

ਇਕੋ ਥਾਂ ਤੋਂ ਪੂਰੀਆਂ ਹੋ ਸਕਦੀਆ ਹਨ
* ਬਿਜ਼ਨਿਸ ਕਾਰਡ * ਰਸੀਦ -ਬੁੱਕਾਂ
* ਵਿਆਹ ਸ਼ਾਦੀਆਂ ਦੇ ਕਾਰਡ
* ਮੈਗਜ਼ੀਨ * ਫਲਾਇਰ

ADAM FAZAL
PHONE 873-6125
For all your printing needs,
Contact
MAIN
PRINTING & GRAPHIC

4865, MAIN ST.
VANCOUVER, B. C.

FOR
IMMIGRATION AND ALL OTHER PROBLEMS
CONTACT
BARRISTER AND SOLICITOR
N. S. GILL
(N A S H)
NOTARY PUBLIC

- □PERSONAL INJURY AND I.C.B.C CLAIMS
- □DIVORCES
- □IMMIGRATION
- □ESTATES

RES. 826-8207 **BUS. 853-9322**

33232, SOUTH FRASER WAY
ABBOTSFORD,B.C.

TICKETS TO ANYWHERE
GABA TEAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ
ਹਮੇਸ਼ਾਂ ਸਾਨੂੰ ਯਾਂਦ ਕਰੋ। ਅਸੀਂ ਵਾਜਬ ਕਿਰਾਏ

ਤੇ ਵਧੀਆਂ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA

Get help in India at

NUR MAHAL PH. 49
JALLANDHAR PH. 74597
NEW DELHI PH. 44165
JANDIALA

PHONE: 324-3336
6612, MAIN ST.
VANCOUVER, B. C.

ਸ: ਇੰਦਰਜੀਤ ਸਿੰਘ ਆਫ਼ ਸਿੰਧ ਬੈਂਕ ਵਲੋਂ ਕਰੋੜਾਂ ਰੁਪਏ ਦੀ ਧਾਂਦਲੀ ਤੇ ਲੁਟ

ਨਵੀਂ ਦਿਲੀ: ਪੰਜਾਬ ਸਿੰਧ ਬੈਂਕ ਦੇ ਸਾਬਕਾ ਚੇਅਰਮੈਨ ਸ: ਇੰਦਰਜੀਤ ਸਿੰਘ ਤੇ ਉਨ੍ਹਾਂ ਦੇ ਪੰਜ ਹੋਰ ਸਹਿਯੋਗੀਆਂ ਵਿਰੁਧ ਖਜ਼ਾਨਾ ਵਜ਼ਾਰਤ ਦੀਆਂ ਹਦਾਇਤਾਂ ਅਨੁਸਾਰ ਕੇਸ ਸੀ.ਬੀ.ਆਈ. ਨੂੰ ਦੇ ਦਿਤਾ ਗਿਆ ਹੈ। ਸ:ਸਰਬਜੀਤ ਸਿੰਘ, ਸ: ਕੁਲਵੰਤ ਸਿੰਘ, ਸ੍ਰੀ ਕੱਕੜ ਤੇ ਮਲਹੋਤਰਾ ਆਦਿ ਦੇ ਨਾਂ ਸਾਹਮਣੇ ਆ ਚੁੱਕੇ ਹਨ। ਬੈਂਕ ਦਾ ਲਗ ਪਗ ਡੇਢ ਸੌ ਕਰੋੜ ਰੁਪਿਆ ਖੁਰਦ ਬੁਰਦ ਹੋਇਆ। ਅਜਿਹੇ ਸੱਜਣਾਂ ਵਿਚ ਪ੍ਰਸਿਧ ਸਿਖ ਪ੍ਰਚਾਰਕ ਪ੍ਰਿੰਸੀਪਲ ਸਤਬੀਰ ਸਿੰਘ ਭਾਟੀਆ ਆਫ਼ ਜਗਾਧਰੀ ਵੀ ਸਰੇ-ਫਰਿਹਸਤ ਹਨ ਜਿਨ੍ਹਾਂ ਲਗ ਪਗ ਇਕ ਕਰੋੜ ਰੁਪਿਆ ਆਪਤੇ ਆਪਣੇ ਸਾਂਝੀਦਾਰਾਂ ਨੂੰ ਦਿਵਾਇਆ। ਇਸੇ ਤਰ੍ਹਾਂ ਆਪਣੇ ਪੁਤਰਾਂ, ਪਰੀਵਾਰ ਤੇ ਭਾਈਬੰਦਾਂ ਤੇ ਭਾਈਵਾਲਾਂ ਉਪ੍ਰੰਤ ਅਨੇਕਾ ਐਸੀਆਂ ਪਾਰਟੀਆਂ ਹਨ ਜਿਨ੍ਹਾਂ ਨੂੰ ਸਾਬਕਾ ਚੇਅਰਮੈਨ ਨੇ ਗੁਰਦੁਆਰਿਆਂ ਤੇ ਗਰੀਬ ਸਿੱਖਾਂ ਦਾ ਜਮ੍ਹਾਂ ਕਰਵਾਇਆ ਰੁਪਿਆ ਬਗੈਰ ਮੁਨਾਸਬ ਜ਼ਮਾਨਤਾਂ ਦੇ ਦਿਤਾ। ਇਤਲਾਹ ਅਨੁਸਾਰ ਲਗ ਪਗ ਇਕ ਸੌ ਵਿਅਕਤੀ ਅਜਿਹੇ ਹਨ ਜੋ ਇਸ ਮੁਕੱਦਮੇ ਵਿਚ ਫਸਣਗੇ। ਬੈਂਕ ਦੇ ਦਰਜਨਾਂ ਅਫ਼ਸਰ ਵੀ ਇਸ ਵਿਚ ਸ਼ਾਮਲ ਹਨ।

ਯਾਦ ਰਹੇ ਕਿ ਇਹ ਉਹ ਸ: ਇੰਦਰਜੀਤ ਸਿੰਘ ਹਨ ਜਿਨ੍ਹਾਂ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਨੇ ਮੁੜ ਮੁੜ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਦਲ ਨਾਲ ਇਸ ਹਫਤੇ ਸਮਝੌਤੇ ਦੀ ਆਸ—ਫਰੰਟੀਅਰ

ਨਵੀਂ ਦਿੱਲੀ — ਸ਼ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਹਰਬੰਸ ਸਿੰਘ ਫਰੰਟੀਅਰ ਨੇ ਕਿਹਾ ਹੈ ਕਿ ਪੰਜਾਬ ਦਾ ਮਸਲਾ ਇਸ ਹਫਤੇ ਵਿਚ ਹਲ ਹੋ ਜਾਣ ਦੀ ਪੂਰੀ ਸੰਭਾਵਨਾ ਹੈ ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਸਿੱਖਾਂ ਦੀਆਂ ਜਮਹੂਰੀ ਮੰਗਾਂ ਮੰਨਣ ਲਈ ਤਿਆਰ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਲੀਡਰਸ਼ਿਪ ਨੂੰ ਵੀ ਇਸ ਸਮੇਂ ਤਜਰਬੇ ਵਿਚੋਂ ਇਹ ਸਬਕ ਮਿਲ ਗਿਆ ਹੋਵੇਗਾ ਕਿ ਜਿਨ੍ਹਾਂ ਕਾਂਗਰਸ ਵਿਰੋਧੀ ਪਾਰਟੀਆਂ ਪਿੱਛੇ ਉਹ ਸ੍ਰੀ ਮਤੀ ਗਾਂਧੀ ਨਾਲ ਲੜਦੇ ਚਲੇ ਆਏ ਹਨ, ਉਹ ਵਿਰੋਧੀ ਪਾਰਟੀਆਂ ਦੀਆਂ ਯੋਗ ਮੰਗਾਂ ਦੀ ਹਮਾਇਤ ਕਰਨ ਲਈ ਵੀ ਤਿਆਰ ਨਹੀਂ।

ਜਥੇਦਾਰ ਫਰੰਟੀਅਰ ਨੇ ਹਰਿਆਣੇ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਦੇ ਬਿਆਨਾਂ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਕਿ ਸ਼ੇਰਸ਼ਾਹ ਸੂਰੀ ਮਾਰਗ ਹਰਿਆਣੇ ਦੀ ਜਾਂ ਭਜਨ ਲਾਲ ਦੀ ਜਾਗੀਰ ਨਹੀਂ ਕਿ ਉਸ ਤੋਂ ਸਿੱਖ ਜਾਂ ਅਕਾਲੀਆਂ ਨੂੰ ਲੰਘਣ ਤੋਂ ਰੋਕ ਦੇਵੇ। ਇਸੇ ਤਰਾਂ ਹਰਿਆਣੇ ਵਿਚ ਸਿੱਖਾਂ ਦਾ ਅਸਲਾ ਜ਼ਬਤ ਕਰਨ ਦੀਆਂ ਧਮਕੀਆਂ ਵੀ ਸਿੱਖਾਂ ਵਿਚ ਗੁੱਸਾ ਅਤੇ ਨਫਰਤ ਵਧਾਉਣ ਦਾ ਹੀ ਕਾਰਨ ਬਣਨਗੀਆਂ। "ਇਉਂ ਲਗਦਾ ਹੈ ਕਿ ਭਜਨ ਲਾਲ ਕਿਸੇ ਗਿਣੀ ਮਿਥੀ ਸਾਜਸ਼ ਅਧੀਨ ਅਕਾਲੀ ਲੀਡਰਸ਼ਿਪ ਅਤੇ ਸਰਕਾਰ ਵਿਚਕਾਰ ਹੋ ਰਹੇ ਸਮਝੌਤੇ ਨੂੰ ਤਾਰਪੀਡੋ ਕਰਨ ਦਾ ਯਤਨ ਕਰ ਰਹੇ ਹਨ। ਹੁਣ ਤਕ ਚੌਧਰੀ ਭਜਨ ਲਾਲ ਬਾਰੇ ਸਿੱਖਾਂ ਵਿਚ ਜੋ ਰਾਏ ਬਣੀ ਹੋਈ ਸੀ, ਉਹ ਉਨ੍ਹਾਂ ਵਲੋਂ ਦਿਤੇ ਗਲਤ ਬਿਅਨਾਂ ਨਾਲ ਬਦਲ ਗਈ ਹੈ।"

ਜਥੇਦਾਰ ਹਰਬੰਸ ਸਿੰਘ ਫਰੰਟੀਅਰ ਨੇ ਦਸਿਆ ਕਿ ਇਸ ਤੋਂ ਪਹਿਲਾਂ ਚੰਡੀਗੜ੍ਹ ਕਾਂਗਰਸ ਸਮਾਗਮ ਸਮੇਂ ਅਤੇ ਅਕਾਲੀਆਂ ਦੇ ਐਮਰਜੈਂਸੀ ਵਿਰੁਧ ਮੋਰਚੇ ਤੋਂ ਕੁਝ ਦਿਨ ਪਹਿਲਾਂ ਸ੍ਰੀ ਮਤੀ ਇੰਦਰਾ ਗਾਂਧੀ ਨੇ ਮੰਗਾਂ ਸਾਰੀਆਂ ਮੰਨ ਲੈਣ ਅਤੇ ਚੰਡੀਗੜ੍ਹ ਪੰਜਾਬ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਸੀ ਤੇ "ਉਸ ਸਮੇਂ ਸੁਨੇਹਾ ਲੈ ਕੇ, ਉਚੇਚੇ ਤੌਰ ਤੇ ਅੰਮ੍ਰਿਤਸਰ ਆ ਗਿਆ ਸਾਂ ਪ੍ਰੰਤੂ ਪੰਜਾਬ ਅਕਾਲੀ ਲੀਡਰਸ਼ਿਪ ਆਪੋਜ਼ੀਸ਼ਨ ਪਾਰਟੀਆਂ ਦੇ ਅਜਿਹੀ ਝਾਂਸੇ ਚੜ੍ਹੀ ਹੋਈ ਸੀ ਕਿ ਉਸ ਨੇ ਉਸ ਵੇਲੇ ਸਦ ਭਾਵਨਾ ਦਾ ਵਧਿਆ ਹੱਥ ਨਾ ਫੜਿਆ ਅਤੇ ਮਸਲੇ ਲਟਕਦੇ ਰਹਿ ਗਏ।"

ਉਨ੍ਹਾਂ ਕਿਹਾ ਕਿ ਸਰਕਾਰ ਦੇ ਵੀ ਕੁਝ ਗਲਤ ਸਲਾਹਕਾਰ ਸਮਝੌਤੇ ਦ ਰਾਹ ਵਿਚ ਰੁਕਾਵਟ ਬਣਦੇ ਹਨ। ਇਸ ਲਈ ਸ੍ਰੀ ਮਤੀ ਇੰਦਰਾਂ ਗਾਂਧੀ ਨੂੰ ਅਫਸਰਸ਼ਾਹੀ ਦੀਆਂ ਗਲਤ ਸਲਹਾਂ ਅਤੇ ਕਾਂਗਰਸ ਵਿਚ ਬੈਠੇ ਫਿਰਕਾਪ੍ਰਸਤਾਂ ਦੇ ਪ੍ਰਭਾਵ ਤੋਂ ਉਪਰ ਉਠਕੇ, ਪੰਜਾਬ ਦਾ ਮਸਲਾ ਛੇਤੀ ਹੱਲ ਕਰਨਾ ਚਹੀਦਾ ਹੈ। ਅਜ ਜੋ ਸਦਭਾਵਨਾ ਦਾ ਦੋਵੇਂ ਪਾਸੇ ਵਾਤਾਵਰਣ ਹੈ ਇਸ ਨਾਲ ਸਮਝੌਤਾ ਸੰਭਵ ਹੈ, ਪਰ ਜੇ, ਕਰ ਇਹ ਸਦਭਾਵਨਾ ਦਾ ਸਮਾਂ ਖੁੰਝ ਗਿਆ ਤਾਂ ਭਾਰਤ ਅਤੇ ਸਿੱਖਾਂ ਦੋਹਾਂ ਲਈ ਗੱਲ ਹੋਵੇਗੀ।

ਕਤਲ ਦੇ ਦੋਸ਼ 'ਚ ਉਮਰ ਕੈਦ

ਜਗਰਾਓਂ ਲੁਧਿਆਣਾ ਦੇ ਐਡੀਸ਼ਨਲ ਜ਼ਿਲਾ ਤੇ ਸੈਸ਼ਨ ਜਜ ਸ੍ਰੀ ਪੀ. ਆਰ. ਗੌਂਡ ਦੀ ਅਦਾਲਤ ਵਲੋਂ ਮੁਲਾਂਪੁਰ-ਦਾਖਾ ਦੇ ਟੈਕਸੀ-ਡਰਾਈਵਰ ਹਰਭਜਨ ਸਿੰਘ ਦੇ ਹੋਏ ਭਿਆਨਕ ਕਤਲ ਦਾ ਫੈਸਲਾ ਸੁਣਾ ਦਿਤਾ ਹੈ। ਇਸ ਫੈਸਲੇ ਅਨੁਸਾਰ ਪੰਜਾਬ ਦੇ ਮਸ਼ਹੂਰ ਲੁਟੇਰਾ ਗਿਰੋਹ ਦੇ ਮੁੱਖੀ ਪਿੰਡ ਜਾਂਗਪੁਰ ਦੇ ਗੁਰਮੇਲ ਸਿੰਘ ਉਰਫ ਟੋਨੀ ਮਜ਼ਬੀ, ਗੁਰਮੁੱਖ ਸਿੰਘ ਰਮਦਾਸੀਆ, ਪਿੰਡ ਢੱਟਾਂ ਦੇ ਜਗਤਾਰ ਸਿੰਘ ਉਰਫ ਤਾਰੀ ਮਜ਼ਬੀ ਅਤੇ ਪਿੰਡ ਸ਼ੇਖੂਪੁਰਾ ਦੇ ਰਾਜ ਸਿੰਘ ਨੂੰ ਧਾਰਾ 302-379-34 ਆਈ. ਪੀ. ਸੀ. ਅਧੀਨ 20-22 ਸਾਲ ਦੀ ਸਖਤ ਤੇ ਬਾ-ਮੁਸੱਕਤ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਯਾਦ ਰਹੇ ਕਿ ਇਹ ਕਤਲ ਇਸ ਸਾਲ 26 ਜਨਵਰੀ ਦੀ ਰਾਤ ਨੂੰ ਹਲਵਾਰਾ-ਪੱਖੋਵਾਲਾ ਰੋਡ ਤੇ ਪਿੰਡ ਟੂਸਾ ਦੀ ਜੂਹ ਵਿਚ ਵਾਪਰਿਆਂ ਸੀ।

ਦਿੱਲੀ 'ਚੋਂ ਮੰਗਤਿਆਂ ਦਾ ਨਿਕਾਸ ਸ਼ੁਰੂ

ਚੰਡੀਗੜ੍ਹ-ਦਿੱਲੀ ਪ੍ਰਸ਼ਾਸਨ ਨੇ ਮੰਗਤਿਆਂ ਨੂੰ ਉਨ੍ਹਾਂ ਦੇ ਜੱਦੀ ਰਾਜਾਂ ਵਿਚ ਭੇਜਣਾ ਸ਼ੁਰੂ ਕਰ ਦਿਤਾ ਹੈ।

ਨਵੀਂ ਦਿੱਲੀ ਵਿਚ ਭੀਖ ਮੰਗਣ ਵਾਲੇ ਲਗਪਗ 30 ਮੰਗਤੇ ਹਰਿਆਣਾ ਸਰਕਾਰ ਦੇ ਹਵਾਲੇ ਕੀਤੇ ਗਏ ਹਨ। ਹਰਿਆਣਾ ਸਰਕਾਰ ਨੇ ਪਾਨੀਪਤ ਵਿਚ ਮੰਗਤਾ ਘਰ ਬਨਾਉਣ ਦਾ ਫੈਸਲਾ ਕੀਤਾ ਹੈ। ਅਗਲੇ ਦੋ. ਤਿੰਨ ਦਿਨਾਂ ਵਿਚ ਦਿੱਲੀ ਪ੍ਰਸ਼ਾਸਨ ਵਲੋਂ ਹੋਰ 20 ਤੋਂ 30 ਤਕ ਮੰਗਤੇ ਹਰਿਆਣਾ ਸਰਕਾਰ ਦੇ ਹਵਾਲੇ ਕਰਨ ਦੀ ਸੰਭਾਵਨਾ ਹੈ। ਏਸ਼ੀਆਡ ਦੌਰਾਨ ਕਿਸੇ ਵੀ ਮੰਗਤੇ ਨੂੰ ਦਿੱਲੀ ਵਿਚ ਮੰਗਣ ਨਹੀਂ ਦਿੱਤਾ ਜਾਵੇਗਾ।

ਅਚਾਰੀਆ ਵਿਨੋਬਾ ਭਾਵੇ ਦਾ ਅੰਤਮ ਸਸਕਾਰ

ਪੌਨਾਰ,(ਯੂ. ਐਨ. ਆਈ.)- ਭੂਦਾਨ ਅਤੇ ਸਰਵੋਦਿਆ ਲਹਿਰ ਦੇ ਪਿਤਾਮਾ ਅਚਾਰੀਆ ਵਿਨੋਵਾ ਭਾਵੇ ਦਾ 16 ਨਵੰਬਰ ਨੂੰ ਗਾਂਧੀ ਘਾਟ ਵਿਖੇ ਪੂਰਨ ਸ਼ਰਧਾ ਨਾਲ ਅੰਤਮ ਸੰਸਕਾਰ ਕਰ ਦਿਤਾ ਗਿਆ। ਇਸ ਸਮੇਂ ਮੌਕੇ ਤੇ ਇਕੱਤਰ ਵਿਸ਼ਾਲ ਹਜੂਮ "ਬਾਬਾ ਅਮਰ ਰਹੇ", ਅਤੇ "ਵਿਨੋਬਾ ਅਮਰ ਰਹੇ" ਦੇ ਨਾਅਰੇ ਲਗਾ ਰਿਹਾ ਸੀ।

ਉਨ੍ਹਾਂ ਦੀ "ਗੋਦ ਲਈ" ਪੁੱਤਰੀ ਮਹਾਦੇਵੀ ਤਾਈ ਨੇ ਚਿਖਾ ਨੂੰ ਅੱਗ ਦਿਖਾਈ। ਇਸ ਸਮੇਂ ਆਸ਼ਰਮ ਵਾਸੀ ਸਰਵ ਧਰਮ ਪ੍ਰਾਰਥਨਾ ਕਰ ਰਹੇ ਸਨ।

88 ਵਰ੍ਹਿਆਂ ਦੇ ਅਚਾਰੀਆ ਵਿਨੋਬਾ ਭਾਵੇ ਦਾ ਸੋਮਵਾਰ ਸਵੇਰੇ ਸਾਢੇ ਨੌ ਵਜੇ ਦੇਹਾਂਤ ਹੋ ਗਿਆ। ਉਨ੍ਹਾਂ ਲਗਭਗ ਇਕ ਹਫਤੇ ਤੋਂ ਸਵੈ ਇੱਛਾ ਨਾਲ ਦਵਾਈਆਂ, ਅੰਨ-ਜਲ ਤਿਆਗ ਰਖਿਆ ਸੀ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੋ ਕਿ ਸੋਵੀਅਤ ਰਾਸ਼ਟਰਪਤੀ ਲਿਉਨਿਦ ਬਰੇਜ਼ਨੇਵ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਲਈ ਮਾਸਕੋ ਗਏ ਹੋਏ ਸਨ, ਆਪਣਾ ਦੌਰਾ ਵਿਚੇ ਛੱਡਕੇ ਵਾਪਸ ਪਰਤ ਆਏ। ਸ੍ਰੀ ਮਤੀ ਗਾਂਧੀ ਤੋਂ ਇਲਾਵਾ ਬਹੁਤ ਸਾਰੇ ਕੇਂਦਰੀ ਮੰਤਰੀ, ਮੁਖ ਮੰਤਰੀ ਅਤੇ ਸੂਬਾਈ ਮੰਤਰੀ ਵੀ ਅਚਾਰੀਆ ਭਾਵੇ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਲਈ ਪੁਜੇ ਹੋਏ ਸਨ।

ਫ਼ਿਰਕੂ ਤੇ ਧਾਰਮਿਕ ਆਧਾਰ ਤੇ ਕਾਇਮ ਦਲਾਂ ਤੇ ਪਾਬੰਦੀ ਲਾਓ—ਚਰਨ ਸਿੰਘ

ਨਵੀਂ ਦਿਲੀ—ਲੋਕ ਦਲ ਦੇ ਚੌਧਰੀ ਚਰਨ ਸਿੰਘ ਨੇ ਇਥੇ ਪਤਰਕਾਰ ਸੰਮਲਨ ਵਿਚ ਮੰਗ ਕੀਤੀ ਕਿ ਧਾਰਮਿਕ, ਫਿਰਕੂ ਆਧਾਰ ਤੇ ਬਣੀਆਂ ਸਾਰੀਆਂ ਪਾਰਟੀਆਂ ਉਤੇ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈਣ ਤੇ ਪਾਬੰਦੀ ਲਾਈ ਜਾਵੇ। ਜਿਵੇਂ ਅਕਾਲੀ ਦਲ, ਹਿੰਦੂ ਮਹਾਂ ਸਭਾ, ਮੁਸਲਿਮ ਲੀਗ ਆਦਿ।

ਚੌਧਰੀ ਚਰਨ ਸਿੰਘ ਨੇ ਕਿਹਾ ਕਿ ਭਾਰਤੀ ਸਭਿਆਚਾਰ ਅਤੇ ਅਖੰਡਤਾ ਦੇ ਪਿਛੇ ਇਕ ਰਵਾਇਤ ਹੈ, ਜਿਸ ਦੀ ਹਿਫ਼ਾਜ਼ਤ ਕਰਨਾ ਸਰਕਾਰ ਦਾ ਕੰਮ ਹੈ। ਜੇ ਸਰਕਾਰ ਦੇਸ਼ ਦੀ ਏਕਤਾ ਨਾ ਰੱਖ ਸਕੀ ਤਾਂ ਦੇਸ਼ ਟੁਕੜੇ ਟੁਕੜੇ ਹੋ ਜਾਵੇਗਾ।

ਚੌਧਰੀ ਚਰਨ ਸਿੰਘ ਨੇ ਕਿਹਾ ਕਿ ਸਿੱਖ ਭਰਾਵਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੈਰ-ਸਿੱਖ ਵੀ ਗੁਰੂ ਗੋਬਿੰਦ ਸਿੰਘ ਦਾ ਨਾਂ ਸ਼ਰਧਾ ਨਾਲ ਲੈਂਦੇ ਹਨ।

ਪਰ ਖਾਲਿਸਤਾਨ ਦੀ ਮੰਗ ਪਿਛੇ ਉਹ ਜ਼ਹਿਨੀਅਤ ਕੰਮ ਕਰ ਰਹੀ ਹੈ ਜਿਸ ਦੇ ਆਧਾਰ ਤੇ ਪਾਕਿਸਤਾਨ ਬਣਿਆ ਸੀ।

ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ

ਨਵੀਂ ਦਿਲੀ—ਹਜ਼ਾਰਾਂ ਲੋਕਾਂ ਦਿੱਲੀ ਵਿਚ ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ

ਗੱਤਕੇ-ਅਤੇ ਬਰਛਿਆਂ ਨਾਲ ਵੱਖ ਵੱਖ ਤਰ੍ਹਾਂ ਦੇ ਖੇਲ ਕਰਦੇ ਸਿੰਘਾਂ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਿਆ। ਸਿੱਖ ਧਾਰਮਿਕ ਤੇ ਰਾਜਸੀ ਮੰਗਾਂ ਸਬੰਧੀ ਲੋਕਲ ਲੀਡਰਾਂ ਨੇ ਭਾਸ਼ਨ ਵੀ ਦਿੱਤੇ।

ਹਰ ਧੰਦੇ ਲਈ ਸਿਖਲਾਈ ਦੀ ਲੋੜ ਹੈ ਪਰ ਰਾਜਨੀਤੀ ਦੇ ਕੰਮ ਲਈ ਹਰ ਐਰਾ ਗੈਰਾ ਆਪਣੇ ਆਪ ਨੂੰ ਨਿਪੁੰਨ ਸਮਝਦਾ ਹੈ

ਦੇਸ਼ ਦੀ ਏਕਤਾ ਅਤੇ ਅਖੰਡਤਾ ਜ਼ਰੂਰੀ ਹਨ

ਪਟਿਆਲਾ—ਨਿਊ ਲਾਲ ਬਾਗ਼ ਵਿਚ ਭਾਸ਼ਨ ਸਮੇਂ ਸ੍ਰੀ ਸਤਪਾਲ ਡਾਂਗ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੇ ਮਤੇ ਤੇ ਆਧਾਰ ਤੇ ਅਕਾਲੀਆਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਤਰ੍ਹਾਂ ਦੇਸ਼ ਵਿਚ ਵੱਖਵਾਦੀ ਤੱਤਾਂ ਦੀਆਂ ਮੰਗਾਂ ਦਾ ਤੂਫਾਨ ਖੜ੍ਹਾ ਹੋ ਜਾਵੇਗਾ। ਉਹ ਕੋਈ ਮੰਗ ਨਹੀਂ ਮੰਨੀ ਜਾਣੀ ਚਾਹੀਦੀ ਜਿਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਖਤਰੇ ਵਿਚ ਪਵੇ।

ਉਨ੍ਹਾਂ ਦਹਿਸ਼ਤ ਫਣੈਲਾਉਣ ਵਾਲੇ ਤੱਤਾਂ ਦਾ ਵਿਰੋਧ ਕੀਤਾ ਤੇ ਕਿਹਾ ਕਿ ਇਸ ਪਿਛੇ ਅਮਰੀਕਾ ਦਾ ਸਿੱਧਾ ਹੱਥ ਹੈ ਜਿਹੜੇ ਕਿ ਖਾਲਿਸਤਾਨ ਦੀ ਮੰਗ ਨੂੰ ਹਵਾ ਦੇ ਰਹੇ ਹਨ।

ਆਨੰਦ ਬੀ. ਐਸ. ਐਫ. ਦੇ ਡੀ. ਆਈ. ਜੀ. ਬਣੇ

ਚੰਡੀਗੜ੍ਹ, (ਵਿ. ਪ੍ਰ.) ਪੰਜਾਬ ਦੇ ਸਾਬਕਾ ਡੀ. ਆਈ. ਜੀ. (ਸੀ. ਆਈ. ਡੀ.) ਜੇ. ਐਸ. ਆਨੰਦ ਨੂੰ ਡੀ. ਆਈ. ਜੀ. (ਬੀ. ਐਸ. ਐਫ.) ਜੋਧਪੁਰ ਨਿਯੁਕਤ ਕੀਤਾ ਗਿਆ ਹੈ ਉਹ ਕਈ ਮਹੀਨਿਆਂ ਤਕ ਛੁਟੀ ਤੇ ਰਹੇ ਹਨ।

ਪੰਜਾਬ ਦੇ ਵਿਦਿਆ ਮੰਤਰੀ ਹਰਚਰਨ ਸਿੰਘ ਅਜਨਾਲਾ ਦੇ ਘਰ ਤੇ ਹਮਲਾ

ਨਵੀਂ ਦਿੱਲੀ — ਪੰਜਾਬ ਵਿਚ ਅੰਮ੍ਰਿਤਸਰ ਦੇ ਨੇੜੇ ਅਜਨਾਲੇ ਸ਼ਹਿਰ ਵਿਚ ਦੋ ਘਰੇਲੂ ਬੰਬ ਸੁੱਟੇ ਜਾਣ ਦੀ ਖਬਰ ਮਿਲੀ ਹੈ। ਅਤਿਵਾਦੀਆਂ ਦਾ ਨਿਸ਼ਾਨਾ ਅਜਨਾਲੇ ਵਿਚ ਪੰਜਾਬ ਦਾ ਵਿਦਿਆ ਮੰਤਰੀ ਹਰਚਰਨ ਸਿੰਘ ਅਜਨਾਲਾ ਸੀ। ਪਰ ਪੀ.ਟੀ. ਆਈ.ਦੀ ਖਬਰ ਅਨੁਸਾਰ ਕੋਈ ਵਿਅਕਤੀ ਇਸ ਵਿਚ ਜ਼ਖਮੀ ਨਹੀਂ ਹੋਇਆ।

ਸਰਕਾਰੀ ਰੀਪੋਰਟਾਂ ਅਨੁਸਾਰ ਧਮਾਕਿਆਂ ਨਾਲ ਕੇਵਲ ਘਰ ਦਾ ਹੀ ਨੁਕਸਾਨ ਹੋਇਆ ਹੈ। ਪੁਲੀਸ ਨੇ ਸਾਰਾ ਆਲਾ ਦੁਆਲਾ ਘੇਰ ਲਿਆ ਪਰ ਧਮਾਕੇ ਕਰਨ ਵਾਲੇ ਫੜੇ ਨਹੀਂ ਜਾ ਸਕੇ।

ਕਿਸੇ ਵੀ ਵਿਅਕਤੀ ਨੇ ਇਸ ਦੀ ਜ਼ੁਮੇਂਵਾਰੀ ਆਪਣੇ ਸਿਰ ਨਹੀਂ ਲਈ।

ਮੋਗਾ ਲਾਗੇ ਪੁਲੀਸ ਮੁਕਾਬਲਾ ਦੋ 'ਅਤਿਵਾਦੀਆਂ' ਦੀ ਮੌਤ

ਮੋਗਾ ,(ਪੱਤਰ ਪ੍ਰੇਰਕ)—ਨਿਰੰਕਾਰੀ ਮੁਖੀ ਗੁਰਬਚਨ ਸਿੰਘ ਕਤਲਕਾਂਡ ਵਿਚ ਇਸ਼ਤਿਹਾਰੀ ਭਗੌੜਾ ਕਰਾਰ ਦਿਤੇ ਗਏ ਭੋਲਾ ਸਿੰਘ ਅਤੇ ਉਸਦੇ ਇਕ ਸਾਥੀ ਕਸ਼ਮੀਰਾ ਸਿੰਘ ਉਰਫ ਬਿੱਲੇ ਦੀ ਐਤਵਾਰ-ਸੋਮਵਾਰ ਦੀ ਵਿਚਕਾਰਲੀ ਰਾਤ ਨੂੰ ਮੋਗਾ ਬਾਈਪਾਸ ਲਾਗੇ ਪੁਲੀਸ ਮੁਕਾਬਲੇ ਵਿਚ ਮੌਤ ਹੋ ਗਈ।

ਅਕਾਲੀ ਦਲ (ਸੰਤ) ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨੇ ਇਸ ਪੁਲੀਸ ਮੁਕਾਬਲੇ ਨੂੰ 'ਫਰਜ਼ੀ' ਕਿਹਾ ਹੈ। ਉਨ੍ਹਾਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਪੰਜਾਬ ਦੇ ਰਾਜਪਾਲ ਨੂੰ ਤਾਰਾਂ ਭੇਜ ਕੇ ਇਸ ਦੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ। ਸੰਤ ਲੌਂਗੋਵਾਲ ਦਾ ਕਹਿਣਾ ਹੈ ਕਿ ਇਹ ਦੋਵੇ ਪਹਿਲਾਂ ਹੀ ਪੁਲੀਸ ਦੀ "ਗੈਰ ਕਾਨੂੰਨੀ ਹਿਰਾਸਤ" ਵਿਚ ਸਨ।

ਮੋਗਾ ਪੁਲੀਸ ਨੂੰ ਭੋਲਾ ਸਿੰਘ ਜੋ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ-ਮਹਿੰਦਰ ਸਿੰਘ ਦਾ ਲੜਕਾ ਹੈ ਅਤੇ ਕਸ਼ਮੀਰਾ ਸਿੰਘ ਦੀ ਮੋਗਾ ਨਿਰੰਕਾਰੀ ਮੰਡਲ ਪ੍ਰਮੁਖ ਦੇ ਲੜਕੇ ਸੂਰਜ ਪ੍ਰਕਾਸ਼ ਉਪਰ ਕਾਤਲਾਨਾ ਹਮਲੇ ਅਤੇ ਕਈ ਡਕੈਤੀਆਂ ਦੇ ਮਾਮਲਿਆਂ ਵਿਚ ਭਾਲ ਸੀ।

ਇਸ ਤੋਂ ਇਲਾਵਾ ਮੋਗਾ ਵਿਖੇ ਹੋਏ ਦੋ ਬੰਬ ਕਾਂਡਾਂ ਦੇ ਮਾਮਲੇ ਵਿਚ ਵੀ ਇਨ੍ਹਾਂ ਕਥਿਤ ਅਤਿਵਾਦੀਆਂ ਦੀ ਭਾਲ ਸੀ। ਇਨ੍ਹਾਂ ਬੰਬ ਕਾਂਡਾਂ ਵਿਚ ਦੋ ਬੰਦੇ ਮਾਰੇ ਗਏ ਸਨ ਤੇ ਕਈ ਜ਼ਖਮੀ ਹੋਏ ਸਨ।

ਅਕਾਲੀਆਂ ਦਾ ਕਾਹਲਾਪਨ ਹੀ ਵਾਰਤਾ ਟੁਟਣ ਲਈ ਜ਼ਿੰਮੇਵਾਰ

ਨਵੀਂ ਦਿੱਲੀ — ਅਕਾਲੀ ਦਲ ਵਲੋਂ ਆਪਣੀਆਂ ਧਾਰਮਿਕ ਅਤੇ ਸਿਆਸੀ ਮੰਗਾਂ ਤੁਰੰਤ ਮੰਨੇ ਜਾਣ ਦਾ ਵਾਅਦਾ ਲੈਣ ਦੇ ਯਤਨ ਹੀ ਕੇਂਦਰ ਅਕਾਲੀ ਵਾਰਤਾ ਅਸਫਲ ਰਹਿਣ ਦਾ ਕਾਰਨ ਬਣੇ ਹਨ। ਭਰੋਸੇਯੋਗ ਵਸੀਲਿਆਂ ਅਨੁਸਾਰ ਅਕਾਲੀ ਨੇਤਾਵਾਂ ਨੂੰ ਪਹਿਲਾਂ ਹੀ ਇਹ ਸਪਸ਼ਟ ਕਰ ਦਿਤਾ ਗਿਆ ਸੀ ਕਿ ਜਿਥੇ ਉਨ੍ਹਾਂ ਦੀਆਂ ਧਾਰਮਿਕ ਮੰਗਾਂ ਕੋਈ ਵੱਡਾ ਮਸਲਾ ਖੜਾ ਨਹੀਂ ਕਰਦੀਆਂ, ਉਥੇ ਕੋਈ ਸਿਆਸੀ ਫੈਸਲਾ ਦੂਜੇ ਸੰਬੰਧਤ ਰਾਜਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਲਿਆ ਜਾ ਸਕਦਾ ਹੈ। ਇਸ ਉਦੇਸ਼ ਲਈ ਵਧੇਰੇ ਸਮੇਂ ਅਤੇ ਘੱਟ ਖਿਚਾਅ ਭਰੇ ਮਾਹੌਲ ਦੀ ਲੋੜ ਹੈ।

ਦਲ ਦੀ ਕੇਂਦਰ ਨਾਲ ਗੁਪਤ ਸੰਧੀ

—ਦਾਨੇਵਾਲੀਆ

ਮੋਗਾ-ਸ਼੍ਰੋਮਣੀ ਅਕਾਲੀ ਦਲ ਵਲੋਂ ਗੁਪਤ ਰੂਪ ਵਿਚ ਚੰਡੀਗੜ੍ਹ ਦੇ ਬਦਲੇ ਅਬੋਹਰ-ਫਾਜ਼ਿਲਕਾ ਹਰਿਆਣਾ ਨੂੰ ਦੇਣ ਲਈ ਬਣਾਈ ਯੋਜਨਾ ਵਿਰੁਧ ਲੋਕ ਰਾਏ ਉਜਾਗਰ ਕਰਨ ਲਈ ਕਲਫੈਡਰਲ ਪਾਰਟੀ ਨੇ ਇਕ ਵਿਸ਼ੇਸ਼ ਮੁਹਿਮ ਚਲਾਈ ਹੈ।

ਇਹ ਪ੍ਰਗਟਾਵਾ ਬੀਤੀ ਰਾਤ ਇਥੇ ਕਨਫੈਡਰਲ ਪਾਰਟੀ ਨੇ ਪ੍ਰਧਾਨ ਭਗਵਾਨ ਸਿੰਘ ਦਾਨੇਵਾਲੀਆਂ ਨੇ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਕੇਂਦਰ ਸਰਕਾਰ ਨਾਲ ਇਕ ਗੁਪਤ ਸਮਝੌਤਾ ਕੀਤਾ ਕਿ ਜੇ ਭਾਸ਼ਾਈ ਕਮਿਸ਼ਨ ਅਬੋਹਰ ਫਾਜ਼ਿਲਕਾ ਹਰਿਆਣਾ ਨੂੰ ਦੇਣ ਦਾ ਫੈਸਲਾ ਕਰ ਦਏ ਤਾਂ ਉਹ ਕੋਈ ਇਤਰਾਜ਼ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਦਲ ਦੇ ਕੇਂਦਰ ਨਾਲ ਹੋਏ ਗੁਪਤ ਫੈਸਲੇ ਨੂੰ ਲੋਕਾਂ ਤਾਈਂ ਪੁਚਾਉਣ ਲਈ ਅਸੀਂ ਰੋਸ ਜਲੂਸ ਕਢਾਂਗੇ ਅਤੇ ਇਕੱਠ ਕਰਾਂਗੇ।

ਬਾਰਸ਼ ਰਹਿਮਤ ਕਿ ਜ਼ਹਿਮਤ

ਮੋਗਾ, (ਸ.ਮ.) ਇਥੋਂ ਦੇ ਆਸ-ਪਾਸ ਦੇ ਖੇਤਰ ਵਿਚ ਭਾਰੀ ਵਰਖਾ ਹੋਣ ਕਾਰਨ ਕਿਸਾਨਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਕਿਉਂਕਿ ਇਹ ਬਾਰਸ਼ ਹਾੜੀ ਦੀ ਬਿਜਾਈ ਲਈ ਬਹੁਤ ਲਾਭਦਾਇਕ ਹੈ।

ਬਾਰਸ਼ ਨੂੰ ਅਨਾਜ ਨਸ਼ਟ ਕਰਨ ਦਾ ਬਹਾਨਾ ਵੀ ਕਿਹਾ ਜਾ ਰਿਹਾ ਹੈ, ਕਿਉਂਕਿ ਸਰਕਾਰੀ ਏਜੰਸੀਆਂ ਵਲੋਂ ਖਰੀਦ ਕੀਤਾ ਝੋਨਾ ਖੁਲ੍ਹੇ ਰੂਪ ਵਿਚ ਮੰਡੀਆਂ ਅੰਦਰ ਪਿਆ ਹੈ।

Do you have a key-person in your business?

Mohinder S.Gill

B.Comm.,M.B.A.,C.G.A.

Life Under Writer

Member Million Dollar Round Table

700Royal Center(Box 11112)

1055 W.Georgia St.,Vancouver.B.C.

V6E 3P3

What would happen if you lost that person? Insure your recouvery

Call:

OFF:682-8441

RES:433-1684

Sunlife

OF.CANADA

Get Your Life in Shape

BUYING *SELLING* *TRADING*

- ☐ BUYING
- ☐ TRADING
- ☐ FARMS
- ☐ SELLING
- ☐ COMMERCIAL
- ☐ INDUSTRIAL

ANY KIND OF REAL ESTATE PROPERTY CONTACT

JAS MANGAT

Bus: 324-1034
Res: 876-1629

CATHAY PACIFIC REALTY LTD.

5052 VICTORIA DRIVE
VANCOUVER, B.C.

WILL WHEATON

PONTIC BUICK GMC LTD.

325 -12th ST.NEW WEST.

For **New and used cars, station wagons,new & used truck,van and 4x4 jimmy....for all your driving needs.... your well known proofessional salesman**

PH:

BUS:526-2781

RES:524-4137

Pager 687-7711#76 10

KULDIP SINGH JHAND

BAINS TRAVEL

IATA

ਅਸੀਂ ਤੁਹਾਡੀ 30 ਸਾਲਾਂ
ਤੋਂ ਸੇਵਾ ਕਰ ਰਹੇ ਹਾਂ

IATA

ALMOST ALL AIRLINES

6364 FRASER ST. VANOCUVER, B.C.

TEL. 324-2277 & 324-1919

ਪੰਜਾਬੀ ਤੇ ਅੰਗਰੇਜ਼ੀ ਦੀ ਟਾਈਪ—ਸੈਟਿੰਗ ਤੇ ਛਪਾਈ ਲਈ

ਏਸ਼ੀਆਂ ਬੁੱਕ ਕੰਪਨੀ

ਜਿਥੋਂ ਤੁਸੀਂ * ਪੁਸਤਕਾਂ * ਫਲਾਇਰ * ਕੈਟਾਲਾਗ
* ਬਿਜ਼ਨਿਸ ਕਾਰਡ * ਵਿਆਹ ਸ਼ਾਦੀਆਂ ਦੇ ਕਾਰਡ
ਸਸਤੇ ਭਾਅ ਟਾਈਪ ਸੈਟ ਤੇ ਛਪਵਾ ਸਕਦੇ ਹੋ

PHONE: (604) 324-6111

JIM PATTISON
Pontiac Buick
GMC TRUCKS

JIM PATTISON ON MAIN

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ,
ਟਰੱਕ, ਵੈਨਾਂ ਅਤੇ 4×4 ਜਿਮੀ ਲੈਣ ਲਈ ਤੁਹਾਡੇ ਜਾਣੇ
ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂਨ ਕਰੋ

GM



PARLAD GILL

SERVICE AFTER SALE

BUS. 879-4233 **3434 MAIN ST. VANCOUVER, B.C.** **RES. 435-1834**

ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਤੇ ਇਕ ਝਾਤ

"ਸੂਫ਼ੀ" ਅਮਰਜੀਤ ਵੈਨਕੂਵਰ

20 ਨਵੰਬਰ 1982 ਨੂੰ ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਹੋ ਚੁੱਕੀਆਂ ਹਨ। ਉਨ੍ਹਾਂ ਦੇ ਨਤੀਜੇ ਸਾਡੇ ਸਾਹਮਣੇ ਆ ਚੁੱਕੇ ਹਨ। ਅਸੀਂ ਵੈਨਕੂਵਰ ਲੇਬਰ ਕਾਂਗਰਸ ਵਲੋਂ ਪਰੋੜ੍ਹਤਾ ਕੀਤੀ ਹੋਈ "ਯੂਨਟੀ ਸਲੇਟ" ਦੀ ਹਮਾਇਤ ਕੀਤੀ। ਜਿਸ ਵਿਚ ਮੇਅਰ ਮਾਈਕ ਹਾਰਕੋਰਟ, ਤਿੰਨ ਅਜ਼ਾਦ ਉਮੀਦਵਾਰ ਅਤੇ ਬਾਕੀ ਸਾਰੇ ਕੋਪ ਦੇ ਉਮੀਦਵਾਰਾਂ — ਕੌਂਸਲ ਸਕੂਲ ਬੋਰਡ ਅਤੇ ਪਾਰਕ ਬੋਰਡ ਵਿਚ — ਦੀ ਸਰਗਰ ਹਮਾਇਤ ਕੀਤੀ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਇਕ ਭਰਵਾਂ ਜਲਸਾ ਵੀ ਕੀਤਾ ਗਿਆ। ਅਖਬਾਰਾਂ ਦੁਆਰਾ ਵੀ ਹਮਾਇਤ ਕੀਤੀ। ਇਸ ਦੇ ਨਾਲ ਹੀ ਵਾਰਡ ਸਿਸਟਮ ਤੇ ਅਮਨ ਸੰਬੰਧੀ ਦੋ ਮਹੱਤਵ ਪੂਰਨ ਰੇਫਰੇ ਡਮਾਂ ਦੀ ਹਮਾਇਤ ਕੀਤੀ।

ਚੋਣਾਂ ਦੇ ਨਤੀਜੇ ਵਜੋਂ ਯੂਨਿਟੀ ਸਲੇਟ ਦੇ ਛੇ ਉਮੀਦਵਾਰ ਸਮੇਤ ਮੇਅਰ ਦੇ ਸ਼ਾਨਦਾਰ ਜਿੱਤਾਂ ਪ੍ਰਾਪਤ ਕਰ ਗਏ। ਸਕੂਲ ਬੋਰਡ ਵਿਚ ਪਹਿਲਾਂ COPE ਦੀ ਬਹੁ ਸੰਮਤੀ ਸੀ ਜੋ ਇਸ ਬਾਰ ਨਹੀਂ ਰਹੀ। ਪਾਰਕ ਬੋਰਡ ਵਿਚ ਦੋ ਦੀ ਥਾਵੇਂ COPE ਦਾ ਇਕ ਨੁਮਾਇੰਦਾ ਰਹਿ ਗਿਆ। ਇਸ ਲਈ ਕਿਹਾ ਜਾ ਸਕਦਾ ਹੈ ਕਿ ਚੋਣਾਂ ਦੇ ਨਤੀਜੇ ਰਲੇ ਮਿਲੇ ਹਨ। ਸਿਟੀ ਕੌਂਸਲ ਵਿਚ ਜਿਥੇ ਪਹਿਲਾਂ COPE ਅਤੇ ਉਸਦੇ ਸਹਿਯੋਗੀਆਂ ਦੀ ਬਹੁ ਸੰਮਤੀ ਨਹੀਂ ਸੀ ਉਥੇ ਇਹ ਇਸ ਵਾਰ ਪ੍ਰਾਪਤ ਹੋ ਗਈ ਹੈ, ਇਹ ਬੜੀ ਮਹੱਤਵ ਪੂਰਨ ਗੱਲ ਹੈ। ਕਿਉਂਕਿ ਵੈਨਕੂਵਰ ਦਾ ਮੁਖ ਪ੍ਰਬੰਧ ਸਿਟੀ ਕੌਂਸਲ ਨੇ ਹੀ ਚਲਾਉਣਾ ਹੈ। ਜਿਸ ਨੇ ਸਾਡੇ ਟੈਕਸਾਂ ਦੀ ਵਰਤੋਂ ਕਰਨੀ ਹੈ। ਸਾਨੂੰ ਯਕੀਨ ਹੈ ਕਿ ਲੋਕ ਪੱਖੀ ਜਮਹੂਰੀ ਸ਼ਕਤੀਆਂ ਦੀ ਇਹ ਜਿੱਤ ਹੋਰਨਾਂ ਮਸਲਿਆਂ ਉਪਰ ਵੀ ਪਹਿਲਾਂ ਵਾਂਗ ਪਹਿਰਾ ਦੇਵੇਗੀ।

ਕੀ "ਯੂਨਿਟੀ ਸਲੇਟ" ਦੀ ਹਮਾਇਤ ਸਾਰੇ ਉਨ੍ਹਾਂ ਲੋਕਾਂ ਨੇ ਸੰਜ਼ੀਦਗੀ ਨਾਲ ਕੀਤੀ ਹੈ ਜਿੰਨ੍ਹਾਂ ਅਜਿਹਾ ਕਰਨ ਦਾ ਯਕੀਨ ਦੁਆਇਆ ਸੀ? ਇਸ ਸੰਬੰਧੀ ਤੱਥ ਇਹ ਦਰਸਾਉਂਦੇ ਹਨ ਕਿ ਅਜਿਹਾ ਨਹੀਂ ਹੋਇਆ। ਜੇਕਰ ਸਾਰੇ ਹਮਾਇਤ ਕਰਨ ਵਾਲੇ ਗਰੁੱਪ ਆਪਣੇ ਤੰਗ ਰਾਜਨੀਤਕ ਮੁਫਾਦਾਂ ਨੂੰ ਵਿਚ ਨਾ ਘਸੀਟਦੇ ਤਾਂ ਨਿਸਚੇ ਹੀ COPE ਦੀ "ਯੂਨਟੀ ਸਲੇਟ" ਦੀ ਹਰ ਪਾਸੇ ਜਿੱਤ ਹੋਣੀ ਸੀ। ਬੀ. ਸੀ. ਦੀ N. D. P. ਦੇ ਆਗੂਆਂ ਅਤੇ ਹੋਰ ਵਰਕਰਾਂ ਵਲੋਂ COPE ਦੀ ਹਮਾਇਤ ਕਰਨ ਵਿਚ ਹਿਚਕਚਾਹਟ ਨੇ ਇਸ ਸੰਭਵ ਜਿੱਤ ਉਪਰ ਸੱਟ ਮਾਰੀ ਹੈ। ਉਨ੍ਹਾਂ ਇਕ ਚਿੱਠੀ ਭਾਰਤੀ ਵੋਟਰਾਂ ਦੇ ਨਾਂ ਕੱਢੀ ਜਿਸ ਵਿੱਚ ਕੋਪ ਦਾ ਜ਼ਿਕਰ ਤੱਕ ਨਹੀਂ ਸੀ ਸਗੋਂ ਇਉਂ ਲਿਖ ਕੇ ਦ੍ਰਿੜ ਕਰਵਾਇਆ ਗਿਆ ਕਿ ਮੇਅਰ ਹਾਰਕੋਰਟ ਅਤੇ ਤਿੰਨ ਅਜ਼ਾਦ ਉਮੀਦਵਾਰ 'ਜੋ ਅਸਲ ਵਿਚ N.D.P. ਦੇ ਮੈਂਬਰ ਹਨ' ਹੀ ਵੈਨਕੂਵਰ ਦਾ ਖੱਬਾ ਧੜਾ ਹੈ। ਇਨ੍ਹਾਂ ਦੀ ਹਮਾਇਤ ਅਤੇ ਜਿੱਤ ਹੀ ਵੈਨਕੂਵਰ ਦੇ ਸੱਜੇ ਧੜੇ ਉਤੇ ਕਾਬੂ ਪਾ ਦੇਵੇਗੀ। ਇਸ ਸੰਬੰਧ ਵਿਚ ਚਿੱਠੀ ਦੇ ਨਾਲ ਇਕ ਨਮੂਨੇ ਦਾ ਕਾਰਡ ਵੀ ਭੇਜਿਆ ਗਿਆ ਜੋ ਕਿ ਸਿਰਫ ਚਾਰ ਹੀ ਉਮੀਦਵਾਰਾਂ ਬਾਰੇ ਸੀ। ਇੰਟਰਨੈਸ਼ਨਲ ਵੁੱਡ ਵਰਕਰਜ਼ ਯੂਨੀਅਨ ਨੇ ਤਾਂ ਹੋਰ ਵੀ ਕਮਾਲ ਕਰ ਦਿੱਤੀ, ਕਿ ਉਸਦਾ ਇਕ ਬਿਜ਼ਨਸ ਏਜੰਟ ਜੇ ਜਿੱਤ ਜਾਵੇ ਤਾਂ ਸਮਝੋ ਲੰਕਾ ਸਰ ਹੋ ਗਈ। ਇਹ ਵੀ N.D.P. ਦੇ ਵਲੋਂ ਹੀ ਘੜੇ ਦਾਅ ਪੇਚਾਂ ਦਾ ਨਤੀਜਾ ਜਾਪਦਾ ਹੈ। ਇਸ ਦੇ ਬਾਵਜੂਦ N.D.P. ਦੇ ਹੇਠਲੀ ਪੱਧਰ ਦੇ ਵਰਕਰਾਂ ਨੇ ਕੋਪ ਦੀ ਡਟ ਕੇ ਹਮਾਇਤ ਕੀਤੀ।

N.D.P. ਵਲੋਂ ਇਸ ਹਿਚਕਚਾਹਟ ਅਤੇ ਸਰਗਰਮ ਹਮਾਇਤ ਨਾ ਕਰਨ ਦਾ ਅਕਸਰ ਕਾਰਨ ਕੀ ਹੋਇਆ ਜਦੋਂ ਕਿ ਡੇਵ ਬੈਰਟ ਵਰਗੇ N.D.P. ਦੇ ਆਗੂ ਵਲੋਂ ਅਜਿਹੀ ਮੁਹਿੰਮ ਦੀ ਅਗਵਾਈ ਕੀਤੀ ਗਈ ਕਿ N.D.P. ਦੇ ਮੈਂਬਰ ਉਮੀਦਵਾਰਾਂ ਦੀ ਹੀ ਹਮਾਇਤ ਕੀਤੀ ਜਾਵੇ ਤਾਂ ਨਿਸਚੇ ਹੀ ਇਹੋ ਨਤੀਜਾ ਨਿਕਲਦਾ ਹੈ ਕਿ N.D.P. ਦੀ ਲੀਡਰ ਸ਼ਿਪ ਨੂੰ ਇਹ ਡਰ ਸੀ ਕਿ ਜੇ ਕਿਧਰੇ ਵੈਨਕੂਵਰ ਵਿਚ COPE ਦੀ ਨਿਗਰ ਜਿੱਤ ਹੋ ਗਈ ਤਾਂ ਅਗੋਂ N.D.P. ਦੀਆਂ ਅਸੰਬਲੀ ਸੀਟਾਂ ਨੂੰ ਖਤਰਾ ਪੈਦਾ ਹੋ ਜਾਵੇਗਾ। ਇਸਦੇ ਨਾਲ ਹੀ N.D.P. ਦੀ ਸੋਸ਼ਲ-ਡੈਮੋਕਰੇਟਿਕ ਰਾਜਨੀਤੀ ਨੂੰ ਵੀ ਇਹ ਵਾਰਾ ਨਹੀਂ ਖਾਂਦਾ ਸੀ ਕਿ ਉਹ ਖਬੇ ਜਮਹੂਰੀ ਤੱਤਾਂ ਦੀ ਜਿੱਤ ਲਈ ਕੰਮ ਕਰਦੇ। ਕੀ N.D.P. ਦੀ ਲੀਡਰਸ਼ਿਪ ਨੂੰ ਇਹ ਖਿਆਲ ਨਹੀਂ ਆਇਆ ਕਿ ਅਸੰਬਲੀ ਚੋਣਾਂ ਵਿੱਚ ਉਨ੍ਹਾਂ ਨੂੰ COPE ਦੇ ਪਿਛੇ ਲਾਮਬੰਦ ਸੈਂਕੜੇ ਵਰਕਰਾਂ ਦੀ ਕੋਈ ਲੋੜ ਨਹੀਂ ਹੋਵੇਗੀ? ਕੀ ਉਨ੍ਹਾਂ ਇਹ ਸੋਚਿਆ ਹੋਵੇਗਾ ਕਿ COPE ਦੇ ਮੈਂਬਰ ਅਤੇ ਹਮਦਰਦ ਇਹ ਸੋਚ ਨਹੀਂ ਸਕਣਗੇ? ਅਜਿਹੀ ਹਾਲਤ ਵਿੱਚ ਉਹ ਸੁਪਨਿਆਂ ਦੇ ਸੰਸਾਰ ਵਿੱਚ ਹੀ ਰਹਿ ਰਹੇ ਹੋਣਗੇ।

ਇੰਨ੍ਹਾਂ ਚੋਣਾਂ ਵਿੱਚ ਇਕ ਮਹੱਤਵ ਪੂਰਨ ਘਟਨਾ ਪਹਿਲੀਵਾਰ ਦੇਖਣ ਵਿੱਚ ਇਹ ਆਈ ਹੈ ਕਿ ਸਾਡੇ ਭਾਰਤੀ ਲੋਕਾਂ ਨੇ ਪਹਿਲੀ ਵਾਰ ਵੱਡੀ ਗਿਣਤੀ ਵਿੱਚ ਆਪਣੇ ਵੋਟ ਦੀ ਵਰਤੋਂ ਕੀਤੀ ਹੈ। ਸਾਡੇ ਲੋਕਾਂ ਨੂੰ ਵੋਟ ਦੀ ਵਰਤੋਂ ਕਰਨ ਲਈ ਕੀਤੇ ਸਾਰੇ ਯਤਨ ਸਾਰਥਕ ਸਿੱਧ ਹੋਏ ਹਨ। ਇਸ ਦੇ ਨਾਲ ਹੀ ਇਹ ਹੋਰ ਵੀ ਤੰਦਰੁਸਤ ਸੇਧ ਵੱਲ ਕਦਮ ਸੀ ਕਿ ਆਮ ਕਰਕੇ ਸਾਡੇ ਲੋਕਾਂ COPEਦੀ "ਯੂਨਟੀ ਸਲੇਟ" ਨੂੰ ਵੋਟ ਕੀਤਾ। ਕਾਫ਼ੀ, ਅੰਗ੍ਰੇਜ਼ੀ ਤੋਂ ਅਣਜਾਣ, ਸਾਡੇ ਵੋਟ ਗ਼ਲਤ ਨਿਸ਼ਾਨੇ ਗਏ, ਅਗੋਂ ਤੋਂ ਸਿਆਣੇ ਸਹਾਇਕਾਂ ਦੀ ਪੋਲਿੰਗ ਸਟੇਸ਼ਨਾਂ ਉਪਰ ਡਿਊਟੀ ਜ਼ਰੂਰੀ ਹੈ। ਫੇਰ ਵੀ ਵੱਡੀ ਗਿਣਤੀ ਵਿਚ ਭਾਰਤੀ ਵੋਟਰਾਂ ਦੇ ਵੋਟਾਂ ਪਾਉਣ ਦੇ ਬਾਵਜੂਦ ਵੀ ਕਿੰਨੇ ਸਾਰੇ ਵੋਟ ਪਾਉਣ ਖੁਣੋਂ ਰਹਿ ਗਏ ਹਨ। ਅੱਗੋਂ ਤੋਂ ਹੋਰ ਯਤਨ ਦੀ ਲੋੜ ਹੈ।

COPEਦੀ ਜਿੱਤ ਵੈਨਕੂਵਰ ਵਿੱਚ ਲੋਕ ਹਿੱਤਾਂ ਦੀ ਆਪ ਰੱਖਿਆ ਕਰਨ ਵੱਲ ਕਦਮ ਹੈ। ਵੈਨਕੂਵਰ ਵਿੱਚ ਸਹਿਹੋਂਦ ਦੁਆਰਾ ਭਰਾਤਰੀ ਭਾਵ ਪੈਦਾ ਕਰਨ ਵਾਲੀ ਸ਼ਕਤੀ ਵਜੋਂ ਖੱਬੀ ਜ਼ਮਹੂਰੀ ਲਹਿਰ ਦੀ ਉਸਾਰੀ ਅਤੇ ਸੰਘਰਸ਼ ਨਾਲ ਨਾਲ ਚਲਣੇ ਚਾਹੀਦੇ ਹਨ।

ਕੀਤੇ ਗਏ ਚਾਰ ਰੇਫਰੈਂਡਮਾਂ ਵਿੱਚੋਂ ਅਮਨ ਰੇਫਰੈਂਡਮ ਦੇ ਹੱਕ ਵਿੱਚ 80 ਪ੍ਰਤੀਸ਼ਤ ਵੋਟ ਜੋ ਕਿ ਵੈਨਕੂਵਰ ਦੇ ਲੋਕਾਂ ਵਲੋਂ ਅਮਰੀਕੀ ਸਾਮਰਾਜ ਦੀਆਂ ਜੰਗੀ ਤਿਆਰੀਆਂ ਦਾ ਖਾੜਕੂ ਵਿਰੋਧ ਦਾ ਪ੍ਰਤੀਕ ਹੈ। ਸਾਡੇ ਲੋਕਾਂ ਦੀ ਅਮਨ ਭਾਵਨਾ ਦੁਨੀਆਂ ਦੀ ਅਮਨ ਲਹਿਰ ਨੂੰ ਹੋਰ ਮਜ਼ਬੂਤ ਕਰਦੀ ਹੈ। ਵਾਰਡਾਂ ਸੰਬੰਧੀ 58 ਪ੍ਰਤੀਸ਼ਤ ਵੋਟ ਪਾਏ, ਸਰਕਾਰੀ ਸ਼ਰਤ ਅਨੁਸਾਰ 60 ਪ੍ਰਤੀਸ਼ਤ ਵੋਟ ਲੋੜੀਂਦੇ ਸਨ। ਪ੍ਰੰਤੂ ਫਿਰ ਵੀ ਇਹ ਪਹਿਲਾਂ ਨਾਲੋਂ ਵਡੀ ਹਾਂ-ਪੱਖੀ ਰਾਏ ਹੈ। ਸਰਕਾਰ ਨੂੰ ਆਪਣੀ ਅੜੀ ਛੱਡਕੇ ਲੋਕਾਂ ਦੀ ਜਮਹੂਰਾ ਰਾਏ ਅਗੇ ਸਿਰ ਝੁਕਾਉਣਾ ਚਾਹੀਦਾ ਹੈ।

ਤੁਹਾਡੀ ਜਾਣਕਾਰੀ ਲਈ

ਕੈਨੇਡਾ ਹੋਮ ਰੇਨੋਵੇਸ਼ਨ ਪ੍ਰੋਗਰਾਮ ਅਧੀਨ 3000 ਡਾਲਰ ਦੀ ਗਰਾਂਟ

ਜਸਵੰਤ ਮਾਂਗਟ

ਨਵੇਂ ਜਾਂ ਪੁਰਾਣੇ ਘਰ ਦੀ ਮੁਰੰਮਤ ਜਾਂ ਉਸ ਵਿਚ ਹੋਰ ਅਦਲਾ ਬਦਲੀ ਕਰਨ ਲਈ 3000 ਡਾਲਰ ਤੋਂ 5000 ਡਾਲਰ ਤੱਕ ਗਰਾਂਟ ਦੋ ਯੋਜਨਾਵਾਂ ਅਧੀਨ ਮਿਲ ਸਕਦੀ ਹੈ:

1. ਕੈਨੇਡਾ ਹੋਮ ਰੈਨੋਵੇਸ਼ਨ ਪ੍ਰੋਗਰਾਮ
2. ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਪ੍ਰੋਗਰਾਮ

ਪਹਿਲਾਂ ਇਸ 'ਕੈਨੇਡਾ ਦਰਪਣ' ਦੇ ਅੰਕ ਵਿਚ ਅਸੀਂ ਕੈਨੇਡਾ ਹੋਮ ਰੈਨੋਵੇਸ਼ਨ ਪਲੈਨ(C H R P)ਬਾਰੇ ਗਲਬਾਤ ਕਰਾਂਗੇ।

ਕੈਨੇਡਾ ਹੋਮ ਰੈਨੋਵੇਸ਼ਨ ਪਲੈਨ (C H R P) 3000 ਡਾਲਰ ਤੱਕ ਦੀ ਗਰਾਂਟ:

ਅਸਲ ਵਿਚ ਇਹ 3000 ਡਾਲਰ ਤੱਕ ਦਾ ਕਰਜ਼ਾ (Loan) ਸਰਕਾਰ ਵਲੋਂ ਨਵੇਂ ਜਾਂ ਪੁਰਾਣੇ ਘਰ ਦੀ ਮੁਰੰਮਤ ਜਾਂ ਅਦਲਾ ਬਦਲੀ ਕਰਾਉਣ ਲਈ ਦਿਤੀ ਉਹ ਸਹਾਇਤਾ ਹੈ ਜੋ ਘਰ ਦੇ ਮਾਲਕ ਨੂੰ ਵਾਪਸ ਨਹੀਂ ਕਰਨੀ ਪੈਂਦੀ। ਇਸ ਨੂੰ ਲੈਣ ਲਈ C M H C ਨੂੰ ਦਰਖਾਸਤ ਕਰਨੀ ਪੈਂਦੀ ਹੈ।

ਵੇਰਵਾ ਇਸ ਪ੍ਰਕਾਰ ਹੈ।

ਇਹ ਗਰਾਂਟ ਕਿਸਨੂੰ ਮਿਲ ਸਕਦੀ ਹੈ?

(ੳ) ਤੁਸੀਂ ਜਿਸ ਘਰ ਦੀ ਮੁਰੰਮਤ ਕਰਾਉਣੀ ਹੋਵੇ, ਉਸਦੇ ਮਾਲਕ ਹੋਵੋਂ ਅਤੇ ਉਸ ਵਿਚ ਰਹਿੰਦੇ ਹੋਵੋਂ ਜਾਂ ਰਹਿਣ ਦੀ ਇੱਛਾ ਹੋਵੇ।
(ਅ) ਘੱਟ ਤੋਂ ਘੱਟ 2500 ਡਾਲਰ ਦੀ ਮੁਰੰਮਤ ਕਰਨੀ ਹੋਵੇ ਅਤੇ ਉਸਦਾ ਤੀਜਾ ਹਿੱਸਾ ਯਾਨੀ $833.50 ਦਾ ਕੰਮ ਠੇਕੇ ਤੇ ਕਰਾਇਆ ਜਾਵੇ।
(ੲ) ਇਸ ਯੋਜਨਾ ਅਧੀਨ 200 ਡਾਲਰ ਤੋਂ ਵੱਧ ਦਾ ਕਰਜ਼ਾ ਲੈਣਾ ਚਾਹੁੰਦੇ ਹੋਵੋ।
(ਸ) ਤੁਹਾਡੇ ਟੱਬਰ ਦੀ ਆਮਦਨ 48,000 ਡਾਲਰ ਤੋਂ ਘੱਟ ਹੋਵੇ।

ਕਿਸ ਕਿਸਮ ਦੀ ਮੁਰੰਮਤ ਕਰਾ ਸਕਦੇ ਹੋ?

ਤੁਹਾਡੇ ਘਰ ਵਿਚ ਕੋਈ ਵੀ ਮੁਰੰਮਤ ਜਾਂ ਅਦਲਾਬਦਲੀ ਜੋ ਤੁਹਾਡੇ ਰਹਿਣ ਲਈ ਅਤੇ ਸਥਾਈ ਕਿਸਮ ਦੀ ਹੋਵੇ।

ਕੰਮ ਪੂਰਾ ਕਰਨ ਕਰਨ ਲਈ ਸਮਾਂ:

ਕਰਜ਼ਾ ਪਾਸ ਹੋਣ ਤੋਂ 6 ਮਹੀਨੇ ਅੰਦਰ ਕੰਮ ਦਾ ਪੂਰਾ ਹੋਣਾ ਜ਼ਰੂਰੀ ਹੈ। ਨਹੀਂ ਤਾਂ ਘਟਾਇਆ ਜਾਂ ਕੈਂਸਲ ਜਾ ਸਕਦਾ ਹੈ।

ਧਿਆਨਯੋਗ ਹੋਰ ਗੱਲਾਂ:

ਘੱਟ ਤੋਂ ਘੱਟ ਮੁਰੰਮਤ ਤੇ ਖਰਚ ਦਾ ਤੀਜਾ ਹਿੱਸਾ ਠੇਕੇ ਦੀ ਲੇਬਰ ਦਾ ਹੋਣਾ ਜਰੂਰੀ ਹੈ। ਤੁਸੀਂ ਖੁਦ ਕੰਮ ਕਰਕੇ ਉਸਦੇ ਪੈਸੇ ਨਹੀਂ ਲੈ ਸਕਦੇ।

ਦਰਖਾਸਤ ਦੇਣ ਪਿਛੋਂ (C. M. H. C.) ਦਾ ਇਨਸਪੈਕਟਰ ਤੁਹਾਡੇ ਘਰ ਨੂੰ ਵੇਖਣ ਲਈ ਆਵੇਗਾ ਜੋ ਇਹ ਫੈਸਲਾ ਕਰੇਗਾ ਕਿ ਦਰਖਾਸਤ ਵਿਚ ਲਿਖੀ ਹੋਈ ਮੁਰੰਮਤ, ਲੇਬਰ ਅਤੇ ਹੋਰ ਖਰਚ ਬਾਰੇ ਤਫ਼ਸੀਲ ਠੀਕ ਹੈ। ਕੰਮ ਖਤਮ ਹੋਣ ਤੋਂ ਪਿਛੋਂ ਵੀ ਇਨਸਪੈਕਟਰ ਇਹ ਦੇਖਣ ਲਈ ਆਵੇਗਾ ਕਿ ਕੰਮ, ਦਰਖਾਸਤ ਵਾਲੀ ਤਫ਼ਸੀਲ ਅਨੁਸਾਰ, ਕੀਤਾ ਗਿਆ ਹੈ।

ਜਿਨ੍ਹਾਂ ਵਿਅਕਤੀਆਂ ਨੇ ਪਹਿਲਾਂ ਕਦੀ ਰੀਹੈਬਲੀਟੇਸ਼ਨ ਪ੍ਰੋਗਰਾਮ R R A P ਅਧੀਨ ਸਹਾਇਤਾ ਲਈ ਹੋਵੇ, ਉਹ ਵੀ ਕੈਨੇਡਾ ਰੈਨੋਵੇਸ਼ਨ ਪਲੈਨ ਅਧੀਨ ਸਹਾਇਤਾ ਲੈ ਸਕਦੇ ਹਨ।

ਇਹ ਕਰਜ਼ਾ, ਗਰਾਂਟ ਕਿਵੇਂ ਬਣਦੀ ਹੈ?

ਜੇਕਰ ਇਸ ਕਰਜ਼ੇ ਲਈ ਦਿਤੀ ਦਰਖਾਸਤ ਦੀ ਤਫ਼ਸੀਲ ਠੀਕ ਹੋਵੇ ਅਤੇ ਕਰਜ਼ੇ ਦੀਆਂ ਬਾਕੀ ਸ਼ਰਤਾਂ ਠੀਕ ਨਿਭਾਈਆਂ ਹੋਣ, ਇਕ ਸਾਲ ਤੋਂ ਬਾਅਦ ਕਰਜ਼ਾ, ਗਰਾਂਟ ਬਣ ਜਾਂਦਾ ਹੈ ਅਤੇ ਇਸ ਦਾ ਕੋਈ ਹਿੱਸਾ ਵਾਪਸ ਨਹੀਂ ਕਰਨਾ ਪੈਂਦਾ।

ਤੁਸੀਂ ਘਰ ਇੱਕ ਸਾਲ ਤੱਕ ਨਾ ਵੇਚ ਸਕਦੇ ਹੋ ਤੇ ਨਾ ਹੀ ਕਿਰਾਏ ਤੇ ਦੇ ਸਕਦੇ ਹੋ।

ਮਾਫ਼ ਹੋ ਜਾਣ ਵਾਲਾ ਇਹ ਕਰਜ਼ਾ ਇਸ ਪ੍ਰਤੀਸ਼ਤ ਨਾਲ ਮਿਲਦਾ ਹੈ

(ੳ) ਟੱਬਰ ਦੀ ਸਾਰੀ ਆਮਦਨ	(ਅ) ਪੂਰੇ ਖਰਚ ਦੀ ਪ੍ਰਤੀਸ਼ਤ, ਕਰਜ਼ੇ ਦਾ ਭਾਗ	(ੲ) ਵੱਧ ਤੋਂ ਵੱਧ ਨਾ ਮੋੜਨ ਵਾਲਾ ਕਰਜ਼ਾ
30,000	30%	3,000
31,000	28.5%	2,850
32,000	27.0%	2,700
33,000	25.0%	2,550
34,000	24,0%	2,400
35,000	22.5%	2,250
36,000	21.0%	2,100
37,000	19.5%	1,950
38,000	18.0%	1,800
39,000	16.5%	1,650
40,000	15.0%	1,500
41,000	13.5%	1,350
42,000	12.0%	1,200
43,000	10.5%	1,050
44,000	9.0%	900
45,000	7.5%	750
46,000	6.0%	600
47,000	4.5%	450
48,000	3.0%	300

ਜੇਕਰ ਤੁਹਾਡਾ ਮੁਰੰਮਤ ਦਾ ਖਰਚ 10,000 ਡਾਲਰ ਤੋਂ ਵਧ ਹੈ ਤਾਂ ਵੀ 'ੲ' ਵਾਲੇ ਕਾਲਮ ਵਿਚ ਵੱਧ ਤੋਂ ਵੱਧ ਪੈਸੇ ਹੀ ਮਿਲ ਸਕਦੇ ਹਨ।

ਦਰਖਾਸਤ ਦੇਣ ਲਈ ਜਾਂ ਹੋਰ ਤਫ਼ਸੀਲ ਲਈ ਤੁਸੀਂ ਆਪਣੇ ਰੀਅਲ ਇਸਟੇਟ ਏਜੰਟ ਜਾਂ C M H Cਦੇ ਦਫਤਰ ਜਾਓ, ਜਿਸ ਦਾ ਪਤਾ ਹੈ: #400-2600 ਗਰੈਨਵਿਲ ਸਟਰੀਟ, ਵੈਨਕੂਵਰ।

ਵੈਨਕੂਵਰ C M H Cਦੇ ਦਫਤਰ ਤੋਂ ਮਿਲੀ ਸੂਚਨਾ ਅਨੁਸਾਰ ਲਗਭਗ 120 ਤੋਂ 130 ਤਕ ਦਰਖਾਸਤਾਂ ਹਰ ਰੋਜ਼ ਉਨ੍ਹਾਂ ਕੋਲ ਪਹੁੰਚਦੀਆਂ ਹਨ। C M H Cਦੇ ਇਨਸਪੈਕਟਰਾਂ ਲਈ ਤਿੰਨ ਹਫਤੇ ਤੋਂ ਪਹਿਲਾਂ ਹੋਣ ਵਾਲੀ ਮੁਰੰਮਤ ਦੇਖਣ ਜਾਣਾ ਕਠਿਨ ਹੈ, ਇਸ ਲਈ ਦਰਖਾਸਤ ਕੰਮ ਸ਼ੁਰੂ ਕਰਨ ਤੋਂ ਕੁਝ ਹਫਤੇ ਪਹਿਲਾਂ ਦੇ ਦੇਣੀ ਠੀਕ ਹੈ।

ਅਗਲੇ ਅੰਕ ਵਿਚ ਰੈਜ਼ੀਡੈਸ਼ਲ ਰੀਹੈਬਲੀਟੇਸ਼ਨ ਪ੍ਰੋਗਰਾਮ ਬਾਰੇ ਪੜ੍ਹੋ ਜਿਸ ਅਧੀਨ ਸ਼ਹਿਰ ਦੇ ਕੁਝ ਖਾਸ ਹਿਸਿਆ ਵਿਚ ਕੇਵਲ ਪੁਰਾਣੇ ਘਰਾਂ ਦੀ ਮੁਰੰਮਤ ਲਈ 5000 ਡਾਲਰ ਤੱਕ ਦੀ ਗਰਾਂਟ ਮਿਲ ਸਕਦੀ ਹੈ।

ਭਵਿਖ ਵਿਚ ਸ਼ਹਿਰ ਕਿਹੋ ਜਿਹੇ ਹੋਣਗੇ?

ਲੋਕਾਂ ਸੰਡੇ-ਸ਼ਾਪਿੰਗ ਦੇ ਹੱਕ ਵਿਚ ਵੋਟ ਦੇ ਕੇ ਆਪਣੀ ਰਾਏ ਪ੍ਰਗਟ ਕੀਤੀ ਹੈ। ਇਸਦੇ ਲਾਭ ਅਤੇ ਹਾਣ ਆਉਂਦੇ ਸਮੇਂ ਵਿਚ ਅਸੀਂ ਦੇਖ ਸਕਾਂਗੇ। ਇਕੱਲੇ ਇਕਹਿਰੇ ਲੋਕਾਂ ਦਾ ਅਰਾਮ ਗੁਆਚ ਜਾਵੇਗਾ। ਧਾਰਮਿਕ ਲੋਕਾਂ ਦੇ ਸਮੇਂ ਵਿਚ ਕਟੌਤੀ ਹੋਵੇਗੀ। ਆਮ ਲੋਕਾਂ ਦੇ ਖਰਚਾਂ ਵਿਚ ਹੋਰ ਵਾਧਾ ਹੋਵੇਗਾ।

ਮੋਟੇ ਤੌਰ ਤੇ ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਵਿੱਚ ਲੋਕਾਂ ਦੀ ਰਾਜਨੀਤਕ ਸੂਝ ਵਿਚ ਨਿਖਾਰ ਆਇਆ ਹੈ। ਅਗੋਂ ਤੋਂ ਇਸਨੂੰ ਹੋਰ ਜੱਥੇਬੰਦ ਢੰਗ ਨਾਲ ਸਫਲ ਬਣਾਉਣਾ ਚਹੀਦਾ ਹੈ।

UPPAL PHOTO STUDIO



Gurdev Singh Uppal 327-2405

Serving with 30 years experience in line
- Family Portraits, Weddings Groups
- Specialists in Family Groups
- 5 Minutes Passport Service

gurdev Singh Uppal

Ph.(604)874-6711

4442 Main St.(at 29th.Ave.)VANCOUVER

ਗੁਰਦੁਆਰਾ ਰੌਸ ਦੇ ਮੌਜੂਦਾ ਪ੍ਰਬੰਧਕੀ ਧੜੇ ਤੋਂ ਸੰਗਤਾਂ ਜੁਆਬ ਮੰਗਦੀਆਂ ਹਨ ....

1. ਗੁਰਦੁਆਰਾ ਰੌਸ ਦੇ ਪ੍ਰਬੰਧਕਾਂ ਵਲੋਂ ਸੰਗਤਾਂ ਦੀ ਭੇਟਾ ਕੀਤੀ ਮਾਇਆ ਵਿਚੋਂ ਕਿਤਨੀ ਰਕਮ ਮੁਕਦਮੇਂਬਾਜ਼ੀ ਤੇ ਅਜਾਈਂ ਜਾਇਆ ਕੀਤੀ ?

2. ਕੀ ਹਰ ਝਗੜੇ ਦਾ ਨਿਬੇੜਾ ਅਦਾਲਤ ਵਿਚ ਹੀ ਹੋ ਸਕਦਾ ਹੈ ਜਾਂ ਸਾਧ ਸੰਗਤ ਵਿਚ ਵੀ ? ਕੀ ਅਜੇਹਾ ਯਤਨ ਕੀਤਾ ਜਾਂਦਾ ਹੈ ?

3. ਕੀ ਇਕ ਪਾਰਸਲ ਵਿਚੋਂ ਕੁਝ ਜ਼ਮੀਨ ਕਾਨੂੰਨੀ ਤੌਰ ਤੇ ਵੇਚੀ ਜਾ ਸਕਦੀ ਹੈ ?

4. ਜ਼ਮੀਨ ਡੀਲ ਨੂੰ ਨਾਟਕੀ ਢੰਗ ਨਾਲ ਪਰਦੇ ਵਿਚ ਕਿਉਂ ਰੱਖਿਆ ਗਿਆ ? ਕੇਵਲ ਇਸ ਲਈ ਕਿ ਆਪਣਿਆਂ ਨੂੰ ਲਾਭ ਪੁਚਾਇਆ ਜਾ ਸਕੇ !

5. ਕੀ ਜ਼ਮੀਨ ਡੀਲ ਵਿਚ ਤੁਸੀ ਸਾਰੇ ਪ੍ਰਬੰਧਕ ਆਪ ਵੀ ਹਿੱਸੇਦਾਰ ਹੋ ਜਾਂ ਕੇਵਲ ਤੁਹਾਡੇ ਸੰਬੰਧੀ ?

6. ਕੀ ਤੁਸੀਂ ਸਿੱਖ ਸੇਵਕ ਸੁਸਾਇਟੀ ਲਈ ਖਰੀਦੀ ਜ਼ਮੀਨ ਮੁਨਾਫੇ ਦੇ ਆਸ਼ੇ ਨਾਲ ਨਹੀਂ ਖਰੀਦੀ ?

7. ਕੀ ਸਾਰੇ ਸੱਜਣ, ਜਿੰਨ੍ਹਾਂ ਦੇ ਨਾਮ ਸਿੱਖ ਸੁਸਾਇਟੀ ਦੇ ਤੌਰ ਤੇ ਜ਼ਮੀਨ ਖਰੀਦੀ ਗਈ ਹੈ, ਸੁਸਾਇਟੀ ਐਕਟ ਅਧੀਨ ਰਜਿਸਟਰ ਹਨ ?

8. ਕੀ ਪ੍ਰਬੰਧਕ ਕਮੇਟੀ ਸੱਚੇ ਦਿਲੋਂ ਤਿੰਨਾਂ ਸਾਲਾਂ ਵਿਚ ਸਿੱਖ ਸੇਵਕ ਸੁਸਾਇਟੀ ਤੋਂ ਜ਼ਮੀਨ ਖਰੀਦ ਲਵੇਗੀ ? ਜੇ ਸੱਚੇ ਦਿਲੋਂ ਜ਼ਮੀਨ ਗੁਰਦੁਆਰਾ ਸਾਹਿਬ ਨੇ ਖਰੀਦਣੀ ਹੈ ਤਾਂ ਤਿੰਨਾਂ ਸਾਲਾਂ ਦੀ ਸ਼ਰਤ ਕਿਉਂ ? ਕੇਵਲ ਇਸ ਲਈ ਕਿ ਇਹ ਪ੍ਰਬੰਧਕ ਸਮਝਦੇ ਹਨ ਕਿ ਉਨ੍ਹਾਂ ਨੂੰ ਤਿੰਨਾਂ ਸਾਲਾਂ ਵਿਚ ਪ੍ਰਬੰਧ ਤੋਂ ਅੱਡ ਨਹੀਂ ਕੀਤਾ ਜਾ ਸਕਦਾ । ਨਾ ਇਹ ਅੱਡ ਹੋਣ ਤੇ ਨਾ ਗੁਰਦੁਆਰਾ ਸਾਹਿਬ ਲਈ ਜ਼ਮੀਨ ਖਰੀਦੀ ਜਾਵੇ ਤੇ ਫੇਰ ਲਾਭ ਹੀ ਲਾਭ ਹੈ !

9. ਕੀ 16 ਅਕਤੂਬਰ ਦੇ ਰੋਸ ਮਾਰਚ ਵਿਚ ਤੁਸੀਂ ਸਿਦਕ ਦਿਲੀ ਨਾਲ ਹਿਸਾ ਪਾਇਆ ?

10. ਕੀ ਰੋਸ ਮਾਰਚ ਨੂੰ ਇਸ ਲਈ ਨਾ ਕਾਮਯਾਬ ਕੀਤਾ ਗਿਆ ਕਿ ਇਸ ਨਾਲ ਐਕਸ਼ਨ ਕਮੇਟੀ ਮਜ਼ਬੂਤ ਹੁੰਦੀ ਸੀ ?

11. ਕੀ ਐਕਸ਼ਨ ਕਮੇਟੀ ਵਿਰੁਧ ਭੰਡੀ ਪਰਚਾਰ ਇਸ ਲਈ ਕੀਤਾ ਗਿਆ ਕਿ ਤੁਹਾਡੀ ਚੌਧਰ ਨੂੰ ਧੱਕਾ ਲਗਦਾ ਸੀ ?

12. ਕੀ ਤੁਸਾਂ ਸੰਤ ਲੌਂਗੋਵਾਲ ਹੋਰਾਂ ਵਲੋਂ ਆਈਆਂ ਤਾਰਾਂ ਸੰਬੰਧੀ ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਝੂਠ ਨਹੀਂ ਬੋਲਿਆ ?

13. ਕੀ ਪ੍ਰਬੰਧਕਾਂ ਕੋਲ ਭਾਰਤੀ ਪਾਸਪੋਰਟ ਵਾਲੇ ਸਿੰਘਾਂ ਦੇ ਨਾਮ ਜਥੇ ਵਿਚ ਸ਼ਾਮਲ ਕਰਨ ਲਈ ਨਹੀਂ ਸਨ ?

14. ਕੀ ਯੂ. ਐਨ. ਓ. ਵਿਚ ਆਪਣਾ ਵੱਖਰਾ ਯਾਦ ਪੱਤਰ ਦੇਕੇ ਐਕਸ਼ਨ ਕਮੇਟੀ ਨੂੰ ਕਮਜ਼ੋਰ ਨਹੀ ਕੀਤਾ ਗਿਆ ਅਤੇ ਆਪਣੀ ਹਉਮੈ ਨੂੰ ਪਲਿਆ ਗਿਆ ?

15. ਮੰਗੇਤਰਾਂ ਨੂੰ ਮੰਗਵਾਣ, ਭਾਰਤ ਵਿਚ ਕੈਨੇਡੀਅਨ ਭਾਰਤੀਆਂ ਦੀ ਜਾਇਦਾਦ ਆਦਿ ਮਸਲਿਆਂ ਵਲ ਤੁਸੀਂ ਕਿਉਂ ਧਿਆਨ ਨਹੀਂ ਦੇ ਸਕੇ ?

16. ਕੀ 1982 ਵਿਚ ਵੈਸਾਖੀ ਦੇ ਨਗਰ ਕੀਰਤਨ ਸਮੇਂ ਇਕੋ ਦਿਨ ਦੋ ਨਗਰ ਕੀਰਤਨ ਕਰਕੇ ਪ੍ਰਬੰਧਕੀ ਧੜੇ ਦੀ ਹਉਮੈ ਨੂੰ ਨਹੀਂ ਪਾਲਿਆ ਗਿਆ ਤੇ ਸੰਗਤਾਂ ਦੇ ਜਜ਼ਬਾਤ ਨੂੰ ਠੇਸ ਨਹੀਂ ਲਗਾਈ ਗਈ ?

17. ਕੀ ਭਾਰਤ ਤੋਂ ਪਵਿੱਤਰ ਸ਼ਾਸ਼ਤਰ ਮੰਗਵਾਉਣ ਦਾ ਝੂਠਾ ਪ੍ਰਾਪੇਗੰਡਾ ਕਰਕੇ ਸਿੱਖ ਸੰਗਤਾਂ ਦੇ ਜਜ਼ਬਾਤ ਨਾਲ ਨਹੀਂ ਖੇਲਿਆ ਗਿਆ ?

18. 1980 ਵਿਚ ਜਗਦੇਵ ਸਿੰਘ ਅਟਵਾਲ ਨੇ ਆਪਣਾ ਨਾਂ ਵਾਪਸ ਲਿਆ ਸੀ ਤਾਂ ਉਸਦਾ ਨਾਂ ਬੈਲਟ ਤੇ ਛਾਪਿਆ ਗਿਆ ਪਰ ਅਵਤਾਰ ਸਿੰਘ ਸੰਘਾ ਦਾ ਨਾਂ ਕਿਸ ਕਾਰਨ ਪਹਿਲਾਂ ਹੀ ਕੱਢ ਦਿੱਤਾ ਗਿਆ ? ਇਸ ਹਾਲਤ ਵਿਚ ਚੋਣਾਂ ਸਹੀ ਢੰਗ ਨਾਲ ਹੋਣ ਦੀ ਸੰਗਤਾਂ ਨੂੰ ਕੀ ਗਰੰਟੀ ਹੈ ?

ਸੰਗਤਾਂ ਦੇ ਦਾਸ
ਜਰਨੈਲ ਸਿੰਘ ਭੰਡਾਲ
ਤੇ ਸਾਰੀ ਸਲੇਟ ਦੇ ਸੇਵਾਦਾਰ

(Paid by Jarnail Singh Bhandal and his slate)

"ਦੇਹੁ ਸ਼ਿਵਾ ਬਰੁ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨਾ ਟਰੋਂ ।।" ਦੇਗ ਤੇਗ ਫਤਿਹ

ੴ ਸਤਿਗੁਰ ਪ੍ਰਸਾਦਿ ਪੰਥ ਕੀ ਜੀਤ

ਖਾਲਸਾ ਦੀਵਾਨ ਸੋਸਾਇਟੀ ਰੌਸ ਸਟ੍ਰੀਟ ਦੀ 1983 ਦੀ ਕਮੇਟੀ ਲਈ

ਸਿੱਖ ਕੌਮ ਦੇ ਭਗਤੀ ਅਤੇ ਸ਼ਕਤੀ ਦੇ ਕੇਂਦਰ ਗੁਰਦਵਾਰਾ ਸਾਹਿਬਾਨ, ਰੌਸ ਸਟਰੀਟ ਦੇ ਸੇਵਾਦਾਰ:

AMAR SINGH MATTU
ਅਮਰ ਸਿੰਘ ਮੱਟੂ
VICE PRESIDENT-ਮੀਤ ਪ੍ਰਧਾਨ
321-0316

ਅਣਥੱਕ ਕਮਿਊਨਿਟੀ ਮੈਂਬਰ, ਜਿਹਨਾ ਖਾਲਸਾ ਦੀਵਾਨ ਸੋਸਾਈਟੀ ਦੀ ਵੱਖ ਵੱਖ ਅਹੁਦਿਆਂ ਤੇ ਸੇਵਾ ਕੀਤੀ।

JARNAIL SINGH BANDHAL
ਜਰਨੈਲ ਸਿੰਘ ਭੰਡਾਲ
PRESIDENT —ਪ੍ਰਧਾਨ
255—5941



AVTAR SINGH SANGHA
ਅਵਤਾਰ ਸਿੰਘ ਸੰਘਾ
SECRETARy—ਸਕੱਤਰ
274-0418

NIHAL SINGH BRAR
ਨਿਹਾਲ ਸਿੰਘ ਬਰਾੜ
REC. SECRETARY—
ਰਿਕਾਰਡਿੰਗ ਸਕੱਤਰ
321-9769

GURDEV SINGH KANDOLA
ਗੁਰਦੇਵ ਸਿੰਘ ਕੰਦੋਲਾ
TREASURER—ਖਜ਼ਾਨਚੀ
327-5769

ਜਰਨੈਲ ਸਿੰਘ ਭੰਡਾਲ ਦੀ ਸਲੇਟ ਦੇ ਸੇਵਾਦਾਰਾਂ

ਨੂੰ ਵੋਟਾਂ ਪਾਕੇ ਕਾਮਯਾਬ ਬਣਾਉਣ ਲਈ ਅਪੀਲ ਹੈ:-

JARNAIL SINGH BHANDHAL-ਜਰਨੈਲ ਸਿੰਘ ਭੰਡਾਲ PRESIDENT —ਪ੍ਰਧਾਨ	X
AMAR SINGH MATTU-ਅਮਰ ਸਿੰਘ ਮੱਟੂ VICE PRESIDENT-ਮੀਤ ਪ੍ਰਧਾਨ	X
AVTAR SINGH SANGHA-ਅਵਤਾਰ ਸਿੰਘ ਸੰਘਾ SECRETRY-ਸਕੱਤਰ	X
NIHAL SINGH BRAR-ਨਿਹਾਲ ਸਿੰਘ ਬਰਾਰ REC. SECRETARY-ਰੀਕਾਰਡਿੰਗ ਸਕੱਤਰ	X
UNJEET SINGH HAYER-ਅਨਜੀਤ ਸਿੰਘ ਹੇਅਰ REC. SECRETARY-ਰੀਕਾਰਡਿੰਗ ਸਕੱਤਰ	X
GURDEV SINGH KANDOLA-ਗੁਰਦੇਵ ਸਿੰਘ ਕੰਦੋਲਾ TREASURER-ਖਜ਼ਾਨਚੀ	X
MANGAL SINGH PARMAR-ਮੰਗਲ ਸਿੰਘ ਪਰਮਾਰ ASST. TREASURER-ਮੀਤ ਖਜ਼ਾਨਚੀ	X
MAJOR SINGH KAILA-ਮੇਜਰ ਸਿੰਘ ਕੈਲਾ MEMBER-ਮੈਂਬਰ	X
PARMJIT SINGH MANN -ਪਰਮਜੀਤ ਸਿੰਘ ਮਾਨ MEMBER-ਮੈਂਬਰ	X
MOHAN SINGH JOHAL-ਮੋਹਨ ਸਿੰਘ ਜੌਹਲ MEMBER-ਮੈਂਬਰ	X
GURNAM SINGH MOORE-ਗੁਰਨਾਮ ਸਿੰਘ ਮੋਰ MEMBER-ਮੈਂਬਰ	X

UNJEET SINGH HAYER
ਉਨਜੀਤ ਸਿੰਘ ਹੇਅਰ
REC. SECRETARY
ਰਿਕਾਰਡਿੰਗ ਸਕੱਤਰ 273-6347

MANGAL SINGH PARMAR
ਮੰਗਲ ਸਿੰਘ ਪ੍ਰਮਾਰ
ASST. TREASURER-
ਮੀਤ ਖਜ਼ਾਨਚੀ
435-0683

MAJOR SINGH KAI'LA
ਮੇਜਰ ਸਿੰਘ ਕੈਲਾ
MEMBER—ਮੈਂਬਰ
437-8000

PARAMJIT SINGH MANN (Gholi)
ਪਰਮਜੀਤ ਸਿੰਘ ਮਾਨ (ਘੋਲੀ)
MEMBER—ਮੈਂਬਰ
324-6805

ਵੋਟ ਪਾਉਣ ਦਾ ਪਤਾ:—

ਸ੍ਰੀ ਗੁਰੂ ਅਮਰਦਾਸ ਨਿਵਾਸ

1071 ਸਾਊਥ ਈਸਟ ਮਾਰੀਨ ਡਰਾਈਵ ਵੈਨਕੂਵਰ ਬੀ.ਸੀ.
(ਗੁਰਦੁਆਰਾ ਸਾਹਿਬ ਦੇ ਸਾਹਮਣੇ)

ਵੋਟ ਪਾਉਣ ਦਾ ਸਮਾਂ :—

4 ਦਸੰਬਰ 1982 ਦਿਨ ਸਨਿੱਚਰਵਾਰ ਨੂੰ ਸਵੇਰ ਦੇ 7 ਵਜੇ ਤੋਂ ਸ਼ਾਮ ਦੇ 7 ਵਜੇ ਤੱਕ

MOHAN SINGH JOHAL
ਮੋਹਨ ਸਿੰਘ ਜੌਹਲ
MEMBER—ਮੈਂਬਰ
325-3864

GURNAM SINGH MOORE
ਗੁਰਨਾਮ ਸਿੰਘ ਮੋਰ
MEMBER —ਮੈਂਬਰ
433-4175

ਨੋਟ:— ਕ੍ਰਿਪਾ ਕਰਕੇ ਉਪਰ ਦਿੱਤੇ ਹਰ ਇਕ ਉਮੀਦਵਾਰ ਦੇ ਨਾਵਾਂ ਦੇ ਸਾਹਮਣੇ [X] ਨਿਸ਼ਾਨ ਲਗਾਉਣ ਦੀ ਕ੍ਰਿਪਾ ਕਰਨੀ। ਵੋਟ ਪਾਉਣ ਆਉਣ ਸਮੇਂ ਆਪਣਾ ਮੈਂਬਰਸ਼ਿਪ ਦਾ ਕਾਰਡ ਅਤੇ ਆਪਣੀ ਆਡੈਂਟੀਫੀਕੇਸ਼ਨ ਨਾਲ ਜ਼ਰੂਰ ਲੈ ਕੇ ਆਉਣੀ ਜੀ।

ਕੈਨੇਡੀਅਨ ਫ਼ਾਰਮ ਵਰਕਰਜ਼ ਯੂਨੀਅਨ ਵਲੋਂ ਸਰੀ ਵਿਚ ਕਲਚਰਲ ਪ੍ਰੋਗਰਾਮ

ਸਰੀ—ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਸਰਪ੍ਰਸਤੀ ਹੇਠ 28 ਨਵੰਬਰ, 1982 ਨੂੰ ਕੁਈਨ ਐਲਿਜ਼ਬਿਥ ਹਾਇਰ ਸੈਕੰਡਰੀ ਸਕੂਲ ਸਰੀ ਵਿਚ ਕਲਚਰਲ ਪ੍ਰੋਗਰਾਮ ਕੀਤਾ ਗਿਆ। ਇਸ ਤਿੰਨ ਘੰਟੇ ਦੇ ਸਮੇਂ ਵਿਚ ਪੰਜਾਬੀ ਦੇ ਮਸ਼ਹੂਰ ਨਾਟਕਕਾਰ ਗੁਰਸ਼ਰਨ ਸਿੰਘ ਦਾ ਲਿਖਿਆ ਡਰਾਮਾ 'ਗ਼ਦਰ ਦੀ ਗੂੰਜ' ਮੂਕ ਸੈਨਤਾਂ ਰਾਹੀਂ ਭੰਗੜੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਪੰਜਾਬ ਕਲਚਰਲ ਐਸੋਸੀਏਸ਼ਨ ਵਲੋਂ ਪੇਸ਼ ਕੀਤਾ ਇਹ ਪ੍ਰੋਗਰਾਮ ਸ਼ਲਾਘਾ ਯੋਗ ਸੀ। ਇਕ ਦੋਂ ਕਲਾਕਾਰਾਂ ਦੀਆਂ ਆਵਾਜ਼ਾਂ ਵਿਚ ਉਹ ਸੋਜ਼ ਨਹੀਂ ਸੀ ਜਿਸ ਸੋਜ਼ ਦੀ ਮੰਗ 'ਗ਼ਦਰ ਦੀ ਗੂੰਜ' ਵਰਗਾ ਨਾਟਕ ਮੰਗਦਾ ਹੈ। ਸਮੁੱਚੇ ਤੌਰ ਤੇ ਸਫਲ ਕ੍ਰਿਤ ਸੀ।

ਭਾਰਤੀ ਨਾਟ ਕੇਂਦਰ ਵਲੋਂ 'ਇਕ ਕੁੜੀ ਇਕ ਸੁਪਨਾ' ਕਾਰਪੇਂਟਰ ਹਾਲ ਵਿਚ ਪਿਛੇ ਜਿਹੇ ਕੀਤੇ ਨਾਟਕ ਦਾ ਦੁਹਰਾ ਸੀ। ਦਬੀ ਕੁਚਲੀ ਔਰਤ ਦੇ ਰੂਪ ਵਿਚ ਦਰਸ਼ਨਦਾ ਰੋਲ ਅੰਤਾਂ ਦਾ ਪ੍ਰਭਾਵਸ਼ਾਲੀ ਰਿਹਾ ਤੇ ਕਰਨੈਲ ਮਾਨ ਵੀ ਆਪਣੇ ਰਲ ਵਿਚ ਸਫਲ ਸੀ ਪਰ ਸਾਊਂਡ ਸਿਸਟਮ ਖਰਾਬ ਹੋਣ ਕਾਰਨ ਤੇ ਆਵਾਜ਼ਾਂ ਦਰਸ਼ਕਾਂ ਤੱਕ ਨਾ ਪਹੁੰਚਣ ਕਾਰਨ ਨਾਟਕ ਦਾ ਪ੍ਰਭਾਵ ਦਰਸ਼ਕਾਂ ਤੇ ਬਹੁਤ ਪੇਤਲਾ ਸੀ।

ਮੌਸਮ ਖਰਾਬ ਹੋਣ ਦੇ ਬਾਵਜੂਦ ਹਾਜ਼ਰੀ ਇਸ ਗੱਲ ਦੀ ਸਾਖੀ ਭਰਦੀ ਸੀ ਕਿ ਖੇਤ ਮਜ਼ਦੂਰਾਂ ਦਾ ਸੰਗਠਨ ਠੋਸ ਰੂਪ ਧਾਰ ਰਿਹਾ ਹੈ। ਪਰ ਸਟੇਜ ਦੀਆਂ ਪ੍ਰਬੰਧਕ ਕਚਿਆਈਆਂ ਤੇ ਕਾਬੂ ਪਾਉਣਾ ਹੀ ਨਾਟਕ ਸਫਲ ਹੋਣ ਦੀ ਗਰੰਟੀ ਹੋ ਸਕਦਾ ਹੈ।

ਰਵਿੰਦਰ ਪੱਡਾ ਤੇ ਹੁਕਮ ਚੰਦ ਦੇ ਗੀਤਾਂ ਨੇ ਸੁਹਣਾ ਰੰਗ ਬੰਨ੍ਹਿਆਂ। ਮੋਤਾ ਸਿੰਘ ਗਰੇਵਾਲ ਦੀ ਸ਼ਾਇਰੀ ਸੁਭਾਵਕ ਤੇ ਅਸਰ ਭਰਪੂਰ ਸੀ। ਰਵਿੰਦਰ ਪੱਡਾ ਦਾ 'ਕਾਹਨੂੰ ਮੈਂ ਕੈਨੇਡਾ ਵਿਚ ਆ ਗਿਆ, ਤਾਹਨਾ ਦੇਣ ਨੂੰਹਾਂ ਮੇਰੀਆਂ' ਵਧੀਆਂ ਗੀਤ ਸੀ।

ਪ੍ਰੋਗਰਾਮ ਦੇ ਆਰੰਭ ਵਿਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪਰਧਾਨ ਸ੍ਰੀ ਰਾਜ ਚੌਹਾਨ ਨੇ ਬੜੀ ਪ੍ਰਭਾਵਸ਼ਾਲੀ ਤਕਰੀਰ ਵਿਚ ਯੂਨੀਅਨ ਦੀਆਂ ਜਿੱਤਾਂ ਦਾ ਸਿਹਰਾ ਫਾਰਮ ਵਰਕਰਾਂ ਦੇ ਏਕੇ ਤੇ ਸੰਗਠਨ ਸਿਰ ਬੰਨ੍ਹਿਆ। ਉਨ੍ਹਾਂ ਚਿਤਾਵਨੀ ਦਿਤੀ ਕਿ ਯੂਨੀਅਨ ਵਲੋਂ ਪ੍ਰਾਤਪ ਕੀਤੇ ਅਧਿਕਾਰ, ਯੂ. ਆਈ. ਸੀ. ਅਤੇ ਵਰਕਰਜ਼ ਕੰਪਨਜੇਸ਼ਨ ਐਕਟ, ਫਾਰਮਰਾਂ ਤੇ ਸਰਕਾਰ ਵਲੋਂ ਤਾਰਪੀਡੋ ਕੀਤੇ ਜਾਂ ਸਕਦੇ ਹਨ, ਜੇਕਰ ਯੂਨੀਅਨ ਵਰਕਰ ਢਿੱਲੇ ਪੈ ਗਏ। ਉਨ੍ਹਾਂ ਬੇਨਤੀ ਕੀਤੀ ਹਰ ਫਾਰਮ ਵਰਕਰ ਨੂੰ ਯੂਨੀਅਨ ਮੈਂਬਰ ਬਣਨਾ ਚਾਹੀਦਾ ਹੈ। ਚੰਦਾ ਕੇਵਲ ਪੰਜ ਡਾਲਰ ਹੈ। ਕੀੜੇ-ਨਾਸ਼ਕ ਦਵਾਈਆਂ ਦੀ ਵਰਤੋਂ ਸਮੇਂ ਇਨ੍ਹਾਂ ਦੇ ਪ੍ਰਭਾਵਾ ਦੀ ਰੋਕ ਥਾਮ ਲਈ ਉਪਾਅ ਹੋਣੇ ਜ਼ਰੂਰੀ ਹਨ, ਨਹੀਂ ਤਾਂ ਜਰਨੈਲ ਸਿੰਘ ਦਿਓਲ ਦੀ ਮੌਤ ਵਾਂਗ, ਹੋਰ ਘਟਨਾਵਾਂ ਵੀ ਵਾਪਰ ਸਕਦੀਆ ਹਨ। ਸ੍ਰੀ ਰਾਜ ਚੌਹਾਨ ਨੇ ਮੁੱਖ ਜ਼ੋਰ ਖੇਤ ਮਜ਼ਦੂਰਾਂ ਦੇ ਏਕੇ ਤੇ ਦਿੱਤਾ।

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਸ੍ਰੀ ਚਰਨਪਾਲ ਗਿੱਲ ਨੇ 4 ਦਸੰਬਰ ਨੂੰ ਸੰਮਤੀ ਵਲੋਂ ਬੀ. ਸੀ. ਦੇ ਵਿਦਿਆ ਮੰਤਰੀ ਵੈਂਡਰਜ਼ਾਮ ਦੇ ਸਰੀ ਦਫਤਰ ਸਾਹਮਣੇ ਪਿਕਟ ਲਾਈਨ ਲਾਈ ਜਾਣ ਸਮੇਂ ਸਭ ਨੂੰ ਪਹੁੰਚਣ ਦੀ ਬੇਨਤੀ ਕੀਤੀ ਤਾਂ ਕਿ ਸਕੂਲਾਂ ਵਿਚੋਂ ਨਸਲਵਾਦ ਖਤਮ ਕਰਨ ਲਈ ਸਰਕਾਰ ਦੇ ਕੰਨ੍ਹ ਖਿਚੇ ਜਾਣ ਯਾਦ ਰਹੇ ਕਿ ਬੀ. ਸੀ. ਸਰਕਾਰ ਨੇ ਨੇ ਇੰਗਲਿਸ਼ ਸੈਕੰਡ ਲੈਂਗੂਏਜ਼ (E S L[ਦੀਅਣਾਂ ਕਲਾਸਾਂ ਸਕੂਲਾਂ ਵਿਚੋਂ ਖਤਮ ਕਰਕੇ ਨਵੇਂ ਕੈਨੇਡੀਅਨਾਂ ਲਈ ਇੰਗਲਿਸ਼ ਸਿਖਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਇਸ ਕਟੌਤੀ ਵਿਰੁਧ ਆਵਾਜ਼ਾ ਉਠਾਉਣੀ ਲਾਜ਼ਮੀ ਹੈ।

THINKING OF SELLING ?

Please call me for free evaluation

GURMINDER DEOL

277-2200

DEOL REALTY

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਵਲੋਂ (B.C.O.F.R.[ਬੀ. ਸੀ. ਦੇ ਐਜੂਕੇਸ਼ਨ ਮਨਿਸਟਰ

ਬਿੱਲ ਵੈਂਡਰਜ਼ਾਮ ਦੇ ਸਰੀ ਦਫ਼ਤਰ ਮੂਹਰੇ ਪਿਕਟ ਲਾਈਨ

ਸ਼ਨਿਚਰਵਾਰ, 4 ਦਸੰਬਰ, 1982 ਨੂੰ ਦੁਪਹਿਰ ਸਮੇਂ ਲਈ ਜਾ ਰਹੀ ਹੈ ਤਾਂ ਕਿ

ਬੀ. ਸੀ. ਸਰਕਾਰ ਨੂੰ ਮਜ਼ਬੂਰ ਕੀਤਾ ਜਾਂ ਸਕੇ ਕਿ ਉਹ E S

L

(English second Language)ਦੀਆਂ ਕਲਾਸਾਂ ਮੁੜ ਚਾਲੂ ਕਰੇ ਇਹ ਕਟੌਤੀ ਖਤਮ ਕਰਾਉਣ ਲਈ ਪੁਰਜ਼ੋਰ ਮੁਜ਼ਾਹਰੇ ਦੀ ਲੋੜ ਹੈ ਇਸ ਲਈ ਪਹੁੰਚੋ ਸਰੀ ਵਿਚ

ਵੈਂਡਰਜ਼ਾਮ ਦੇ ਦਫ਼ਤਰ ਸਾਹਮਣੇ

13690, FRASER HWY.

SURREY

ਨੇੜੇ SURREY INN

ਹੋਰ ਜਾਣਕਾਰੀ ਲਈ ਫ਼ੋਨ ਕਰੋ

ਚਰਨਪਾਲ ਗਿੱਲ 576-2307

ਟਰਾਂਟੋ ਦੇ ਗੋਲੀ ਕਾਂਡ ਬਾਰੇ ਕਨੇਡੀਅਨ ਪ੍ਰੈਸ ਦੀ ਕਹਾਣੀ

ਟਰਾਂਟੋ— ਟਰਾਂਟੋ ਦੇ ਪੂਰਬੀ ਹਿੱਸੇ ਵਿਚ ਪਿਛਲੇ ਕੁਝ ਸਾਲਾਂ ਤੋਂ ਇਕ ਈਸਟ ਇੰਡੀਅਨ ਵਪਾਰਕ ਕੇਂਦਰ ਵਧਿਆ ਫੁਲਿਆ ਹੈ ਜਿਸ ਵਿਚ ਸਾਰੇ ਔਨਟੈਰੀਓ ਅਤੇ ਉੱਤਰੀ ਅਮਰੀਕਾ ਤੋਂ ਖਰੀਦਦਾਰ ਆਉਂਦੇ ਹਨ। ਪਰ ਇਨ੍ਹਾਂ ਬਾਰੇ ਕਨੇਡੀਅਨਾਂ ਨੂੰ ਟਰਾਂਟੋ ਤੇ ਵੈਨਕੂਵਰ ਤੋਂ ਬਿਨਾਂ ਘੱਟ ਹੀ ਪਤਾ ਹੈ। ਇਨ੍ਹਾਂ ਬਾਰੇ ਜਾਨਣ ਦੀ ਉਤੇਜਨਾ ਟਰਾਂਟੋ ਵਿਚ ਦੋ ਹਿੰਸਾਤਮਕ ਘਟਨਾਵਾਂ ਪਿਛੋਂ ਵਧੀ ਹੈ। ਪਿਛਲੇ ਸਾਲ ਈਸਟ ਇੰਡੀਅਨਾਂ ਦੇ ਦੋ ਧੜਿਆਂ ਵਿਚਕਾਰ ਹਿੰਸਾਤਮਕ ਝਗੜੇ ਹੋਏ।

ਐਤਵਾਰ 14 ਨਵੰਬਰ ਨੂੰ ਟਰਾਂਟੋ ਦੇ ਡਾਊਨਟਾਊਨ ਵਿਚ ਮੁਜ਼ਾਹਰਾ ਹੋਇਆ ਜਿਸ ਵਿਚ ਪੰਜ ਵਿਅਕਤੀ ਫਟੜ ਹੋਏ। ਛੇ ਸੰਸਥਾਵਾਂ ਵਲੋਂ ਮੁਜ਼ਾਹਰਾ ਹੋਇਆ ਜਿਸ ਵਿਚ ਪਿਕਟ ਕਰ ਰਹੇ ਮੁਜ਼ਾਹਰੀਨ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪੁਤਲਾ ਸਾੜਨ ਲੱਗੇ ਸਨ।

ਪੁਲੀਸ ਅਜੇ ਇਕ ਵਿਅਕਤੀ ਦੀ ਭਾਲ ਵਿਚ ਹੈ ਜਿਸ ਘਟਨਾ ਵਿਚ ਦੋ ਬੰਦੇ ਗੋਲੀਆਂ ਨਾਲ ਮਾਰੇ ਗਏ ਸਨ। ਇਹ ਘਟਨਾ ਪਿਛਲੀ ਮਾਰਚ ਵਿਚ ਵਾਪਰੀ ਸੀ ਜਦੋਂ ਟਰਾਂਟੋ ਦੀ ਕਚਹਿਰੀ ਵਿਚ ਜੱਜ ਦੇ ਫੈਸਲਾ ਦੇਣ ਇਕ ਵਿਅਕਤੀ ਨੇ ਗੋਲੀਆਂ ਚਲਾਈਆਂ ਸਨ।

ਸਿੱਖ 1900 ਦੇ ਲਾਗੇ ਕੈਨੇਡਾ ਆਏ ਸਨ। ਸਭ ਤੋਂ ਪਹਿਲਾਂ ਉਹ ਬੀ. ਸੀ. ਵਿਚ ਮਜ਼ਦੂਰੀ ਕਰਨ ਲੱਗੇ। ਇਨ੍ਹਾਂ ਦੀ ਗਿਣਤੀ ਦੋ ਲੱਖ ਦੇ ਕਰੀਬ ਹੈ ਤੇ ਇਕੱਲੇ ਔਨਟੈਰੀਓ ਵਿਚ ਪੰਜਾਹ ਹਜ਼ਾਰ ਤੋਂ ਉਪਰ।

ਟਰਾਂਟੋ ਦੇ ਇਕ ਸਿੱਖ, ਗੁਰਦੀਪ ਸਿੰਘ, ਨੇ ਕਿਹਾ ਐਤਵਾਰ ਨੂੰ ਮੁਜ਼ਾਹਰਾ ਪੰਜਾਬੀਆਂ ਵਲੋਂ ਕੀਤਾ ਗਿਆ ਜੋ ਸੋਚਦੇ ਹਨ ਕਿ ਪੰਜਾਬ ਵੱਖਰਾ ਦੇਸ਼ ਹੋਵੇ। ਉਸ ਨੇ ਕਿਹਾ ਕਿ ਮੁਜ਼ਾਹਰਾ ਅਜੇ ਸ਼ੁਰੂ ਹੀ ਹੋਇਆ ਸੀ ਕਿ ਗੋਲੀ ਚੱਲਣੀ ਸ਼ੁਰੂ ਹੋ ਗਈ।

ਸਿੱਖ ਧਰਮ ਅਜਿਹਾ ਧਰਮ ਹੈ. ਜਿਸ ਵਿਚ ਇਕ ਪ੍ਰਮਾਤਮਾ, ਮਨੁੱਖਤਾ ਦੀ ਬਰਾਬਰੀ ਤੇ ਕਿਰਤ ਦੀ ਇੱਜ਼ਤ ਕੀਤੀ ਜਾਂਦੀ ਹੈ। ਇਹ ਧਰਮ ਪੰਦਰਵੀਂ ਸਦੀ ਵਿਚ ਸ਼ੁਰੂ ਹੋਇਆ ਜਿਸ ਵਿਚ ਹਿੰਦੂ ਧਰਮ ਤੇ ਇਸਲਾਮ ਦੇ ਚੰਗੇ ਗੁਣ ਸ਼ਾਮਲ ਹਨ।

ਇਸ ਧਰਮ ਵਿਚ ਪੁਜਾਰੀਆਂ ਦੀ ਕੋਈ ਥਾਂ ਨਹੀਂ ਪਰ ਸਿੱਖ ਹਰ ਰੋਜ਼ ਅਰਦਾਸ ਕਰਦੇ ਹਨ, ਸ਼ਬਦ ਪੜ੍ਹਦੇ ਹਨ ਅਤੇ ਆਸਣ ਲਾਉਂਦੇ ਹਨ। ਝਗੜੇ ਇਸ ਗੱਲੋਂ ਪੈਦਾ ਹੁੰਦੇ ਹਨ ਕਿ ਪ੍ਰੰਪਰਾਵਾਦੀ ਸਿੱਖ ਪੁਰਾਣੇ ਵਿਸ਼ਵਾਸ਼ਾਂ ਨੂੰ ਲਾਗੂ ਰੱਖਣਾ ਚਾਹੁੰਦੇ ਹਨ-ਉਹ ਵੀ ਬਿਲਕੁਲ ਕੈਨੇਡਾ ਵਰਗੇ ਨਵੀਂ ਕਿਸਮ ਦੇ ਦੇਸ਼ਾਂ ਵਿਚ।

ਐਤਵਾਰ ਨੂੰ ਗੋਲੀ ਉਸ ਵੇਲੇ ਚੱਲੀ ਜਦੋਂ ਮੁਜ਼ਾਹਰੀਨਾ ਦੇ ਆਪਸ ਵਿਚ ਦੋ ਧੜੇ ਬਣ ਗਏ। ਉਸ ਵੇਲੇ ਉਹ ਇੰਡੀਅਨ ਕੌਂਸਲੇਟ ਦੀ ਬਿਲਡਿੰਗ ਅੱਗੇ ਸਨ।

ਦਰਸ਼ਕਾਂ ਦਾ ਕਹਿਣਾ ਹੈ ਕਿ ਵਿਰੋਧੀ ਧੜੇ ਇਕ ਦੂਜੇ ਵਿਰੋਧੀ ਨਾਅਰੇ ਲਾਉਣ ਲੱਗ ਪਏ, ਕਈ ਵੱਖਰੇ ਮੁਲਕ ਦੇ ਨਾਅਰੇ ਦੇ ਰਹੇ ਸਨ ਅਤੇ ਕਈ ਅਟਾਨੋਮੀ ਦੇ ਧਾਰਮਿਕ ਅਜ਼ਾਦੀ ਦੀ ਮੰਗ ਕਰ ਰਹੇ ਸਨ।

'ਕਨੇਡਾ ਦਰਪਣ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਵਿਚਾਰ ਲੇਖਕਾਂ ਦੇ ਆਪਣੇ ਹਨ।

ਇਪਾਨਾ ਵਲੋਂ

ਪ੍ਰੈਸ ਰੀਲੀਜ਼

ਐਤਵਾਰ, 14 ਨਵੰਬਰ ਵਾਲੇ ਦਿਨ, ਭਾਰਤੀ ਕਮਿਊਨਿਟੀ ਦੇ ਤਕਰੀਬਨ 300 ਮੈਂਬਰ ਟਰਾਂਟੋ ਵਿਚ ਭਾਰਤੀ ਕੌਂਸਲੇਟ ਦੇ ਦਫ਼ਤਰ ਦੇ ਬਾਹਰ ਭਾਰਤੀ ਸਰਕਾਰ ਵਲੋਂ ਸਿੱਖਾਂ ਤੇ ਕੀਤੇ ਜਾ ਰਹੇ ਅੱਤਿਆਚਾਰ ਦੇ ਖਿਲਾਫ਼ ਅਤੇ ਪੰਜਾਬ ਦੇ ਲੋਕਾਂ ਦੀਆਂ ਜ਼ਾਇਜ ਮੰਗਾਂ ਦੇ ਹੱਕ ਵਿਚ ਮੁਜ਼ਾਹਰਾ ਕਰ ਰਹੇ ਸਨ। ਇਸ ਸ਼ਾਂਤਮਈ ਮੁਜ਼ਾਹਰੇ ਦੌਰਾਨ ਖਾਲਿਸਤਾਨ ਦੇ ਦੋ ਹਾਮੀਆਂ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਕਮਿਊਨਿਟੀ ਦੇ ਇਕ ਸਰਗਰਮ ਵਰਕਰ ਸੁਖਰਾਜ ਸਿੰਘ ਕਾਲੀਰਾਏ, ਦੋ ਹੋਰ ਮੁਜ਼ਾਹਰਾਕਾਰ, ਅਤੇ ਇਕ ਭਾਰਤੀ ਜੋ ਕਿ ਟਰਾਂਟੋ ਪੁਲਸ ਦਾ ਅਫਸਰ ਹੈ, ਜ਼ਖਮੀ ਹੋ ਗਏ।

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ (ਇਪਾਨਾ) ਇਸ ਅੱਤਵਾਦੀ ਹਿੰਸਾ ਦੀ, ਜੋ ਕਿ ਸਾਡੀ ਸਾਰੀ ਕਮਿਊਨਿਟੀ ਲਈ ਇੱਕ ਧੱਬਾ ਹੈ, ਸਖਤ ਨਿਖੇਧੀ ਕਰਦੀ ਹੈ। ਇਹ ਘਟਨਾ ਫ਼ਿਰਕਾਪ੍ਰਸਤ ਅਤੇ ਧਾਰਮਿਕ ਹਠ-ਧਰਮੀਆਂ ਦੇ ਪਾਖੰਡ ਨੂੰ ਨੰਗਿਆਂ ਕਰਦੀ ਹੈ ਜੋ ਕਿ ਪੰਜਾਬ ਵਿਚ ਸਿੱਖਾਂ ਤੇ ਹੋ ਰਹੇ ਅੱਤਿਆਚਾਰਾਂ ਤੇ ਮਗਰਮੱਛ ਹੰਝੂ ਕੇਰਦੇ ਹਨ ਪਰ ਖੁਦ ਕੈਨੇਡਾ ਵਿੱਚ ਰਹਿ ਰਹੇ ਉਹਨਾਂ ਸਿੱਖਾਂ ਜਿਹਨਾਂ ਨਾਲ ਉਹਨਾਂ ਦੇ ਸਿਆਸੀ ਮੱਤ ਭੇਦ ਹਨ ਹੈ ਨੂੰ ਮਾਰਨ ਦੀ ਕੋਸ਼ਿਸ਼ ਕਰਨ ਵਿਚ ਢਿਲ ਨਹੀਂ ਕਰਦੇ।

ਇਹ ਗੋਲੀਆਂ ਚਲਾਉਣ ਦੇ ਸ਼ੌਕੀਨ ਕਿਸੇ ਤਰਾਂ ਭੀ ਭਾਰਤੀ ਕਮਿਊਨਿਟੀ ਦੀ ਨੁਮਾਇੰਦਗੀ ਨਹੀਂ ਕਰਦੇ। ਸਾਡੀ ਸਾਰੀ ਕਮਿਊਨਿਟੀ ਲਈ ਇਕ ਮੁੱਠ ਹੋਣਾ ਅਤੀ ਜ਼ਰੂਰੀ ਹੈ। ਸਾਡੇ ਲਈ ਨਸਲਵਾਦ ਅਤੇ ਹੋਰ ਹਰ ਤਰਾਂ ਦੇ ਵਿਤਕਰੇ, ਜਿਸ ਦਾ ਕਿ ਅਸੀਂ ਸ਼ਿਕਾਰ ਹੋ ਰਹੇ ਹਾਂ, ਵਿਰੁੱਧ ਲੜਾਈ ਲੜਨ ਲਈ ਇਕ ਮੁੱਠ ਹੋਣਾ ਜ਼ਰੂਰੀ ਹੈ। ਅਤੇ ਭਾਰਤ ਵਿਚ ਸਾਡੇ ਲੋਕਾਂ ਲਈ ਨਿਆਂ ਅਤੇ ਜਮਹੂਰੀ ਹੱਕਾਂ ਦੀ ਮੰਗ ਕਰਨ ਲਈ ਅਤੇ ਇੰਦਰਾ ਗਾਂਧੀ ਦੇ ਜਾਬਰ ਰਾਜ ਵਿਰੁੱਧ ਅਵਾਜ਼ ਉਠਾਉਣ ਲਈ ਭੀ ਸਾਨੂੰ ਇਕਮੁੱਠ ਹੋਣਾ ਚਾਹੀਦਾ ਹੈ। ਇਹ ਅੱਤਵਾਦੀ ਜੋ ਕਿ ਆਪਦੀ ਹਿੰਸਾ ਨਾਲ ਸਾਡੀ ਕਮਿਊਨਿਟੀ ਵਿਚ ਦੁਫੇੜ ਪਾਉਣ ਦੀ ਕੋਸ਼ਿਸ਼ ਕਰਦੇ ਹਨ ਸਾਨੂੰ ਸਿਰਫ਼ ਦੁੱਖ ਅਤੇ ਸ਼ਰਮ ਹੀ ਨਹੀਂ ਪਹੁੰਚਾਉਂਦੇ ਪਰ ਭਾਰਤੀ ਕਮਿਊਨਿਟੀ ਦੇ ਦੁਸ਼ਮਣਾਂ ਦੇ ਹਿੱਤ ਪੂਰਦੇ ਹਨ। ਸਾਨੂੰ ਇਹਨਾਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇਹਨਾਂ ਨੂੰ ਕਮਿਊਨਿਟੀ ਨਾਲੋਂ ਨਿਖੇੜਨਾਂ ਚਾਹੀਦਾ ਹੈ।

ਇਸ ਤਰਾਂ ਦੀ ਹਿੰਸਾ ਦਾ ਇਕ ਦੁਖਦਾਇਕ ਸਿੱਟਾ ਇਹ ਨਿਕਲਦਾ ਹੈ ਕਿ ਇਸ ਨਾਲ ਲੋਕ ਡਰ ਜਾਂਦੇ ਹਨ ਅਤੇ ਹਰ ਤਰਾਂ ਦੀਆਂ ਸਿਆਸੀ ਸਰਗਰਮੀਆਂ ਤੋਂ ਪਰੇ ਰਹਿੰਦੇ ਹਨ। ਅਸੀਂ ਸਾਡੀ ਸਾਰੀ ਕਮਿਊਨਿਟੀ ਨੂੰ ਇਹਨਾਂ ਅੱਤਵਾਦੀਆਂ ਤੋਂ ਨਾਂ ਡਰਨ ਦੀ ਅਪੀਲ ਕਰਦੇ ਹਾਂ।

ਆਓ ਆਪਾਂ ਸਾਰੇ ਆਪਣੇ ਸਾਂਝੇ ਘੋਲਾਂ ਵਿੱਚ ਇਕਮੁੱਠ ਹੋਈਏ ਅਤੇ ਇਹਨਾਂ ਅੱਤਵਾਦੀਆਂ ਨੂੰ ਇਹ ਸਪਸ਼ਟ ਕਰ ਦੇਈਏ ਕਿ ਉਹਨਾਂ ਦਾ ਸਾਡੇ ਨਾਲ ਕੋਈ ਸਬੰਧ ਨਹੀਂ ਅਤੇ ਨਾ ਹੀ ਅਸੀਂ ਉਹਨਾਂ ਤੋਂ ਡਰਦੇ ਹਾਂ। ਆਓ ਆਪਾਂ ਇਸ ਕਨੇਡੀਅਨ ਸਮਾਜ ਵਿੱਚ ਆਪਣੇ ਸਮਾਜਕ, ਸਿਆਸੀ, ਅਤੇ ਆਰਥਿਕ ਬਰਾਬਰਤਾ ਲਈ ਚਲਾਏ ਘੋਲਾਂ ਨੂੰ ਜਾਰੀ ਰੱਖੀਏ।

ਅਸੀਂ ਸਾਡੇ ਜ਼ਖਮੀ ਹੋਏ ਭਰਾਵਾਂ ਅਤੇ ਉਹਨਾਂ ਦੇ ਪ੍ਰਵਾਰਾਂ ਨਾਲ, ਜੋ ਕਿ ਇਸ ਹਿੰਸਾ ਦਾ ਸ਼ਿਕਾਰ ਹੋਏ ਹਨ, ਨਾਲ ਡੂੰਘੀ ਹਮਦਰਦੀ ਕਰਦੇ ਹਾਂ।

ਫਾਰਮਾਂ ਵਿਚ ਕੀੜੇ—ਨਾਸ਼ਕ ਦਵਾਈਆਂ ਦੀ ਸਹੀ ਵਰਤੋਂ ਲਈ ਪ੍ਰਬੰਧ ਕੀਤੇ ਜਾਣ ਲੱਗੇ

ਰਿਮੰਡ — ਬੀ.ਸੀ. ਫੈਡਰੇਸ਼ਨ ਆਫ਼ ਐਗਰੀਕਲਚਰ ਅਗਲੇ ਮਹੀਨੇ ਵਰਕਜ਼ ਕੰਪਨਜ਼ੇਸ਼ਨ ਬੋਰਡ ਦੇ ਅਫਸਰਾਂ ਨਾਲ ਮਿਲਕੇ ਅਜਿਹਾ ਪ੍ਰੋਗਰਾਮ ਬਣਾ ਰਹੀ ਹੈ ਜਿਸ ਨਾਲ ਕੀੜੇ—ਨਾਸ਼ਕ ਦਵਾਈਆਂ ਦੀ ਸਹੀ ਵਰਤੋਂ ਕੀਤੀ ਜਾ ਸਕੇ।

ਫਾਰਮਰਾਂ ਨੂੰ ਅਗਲੇ ਸਾਲ ਦੇ ਸਪਰੇਅ ਮੌਸਮ ਤੋਂ ਪਹਿਲਾਂ ਅਜਿਹਾ ਸੂਚਨਾ-ਭਰਪੂਰ ਮਸਾਲਾ ਦਿਤਾ ਜਾ ਰਿਹਾ ਹੈ ਜਿਸ ਵਿਚ ਕੀੜੇ—ਨਾਸ਼ਕ ਦਵਾਈਆਂ ਨੂੰ ਭੰਡਾਰ ਵਿਚ ਰੱਖਣ ਦੇ ਤਰੀਕੇ, ਡੱਬਿਆਂ ਉਪਰ ਲੇਬਲ ਤੇ ਵਾਰਨਿੰਗ, ਖਾਲੀ ਡੱਬਿਆਂ ਨੂੰ ਖਤਮ ਕਰਨ ਦਾ ਤਰੀਕਾ. ਮੀਟਰਿਕ ਸਿਸਟਮ, ਜ਼ਹਿਰੀਲੇ ਅਸਰ ਦੀ ਪਛਾਣ ਦੇ ਢੰਗ ਤੇ ਤਰੀਕੇ, ਸਪਰੇਅ; ਵਰਤਣ ਦਾ ਢੰਗ, ਖੇਤ ਕਾਮਿਆਂ ਦਾ ਸਪਰੇਅ ਵਾਲੇ ਖਿਤੇ ਵਿਚ ਮੁੜ ਜਾਣਾ ਆਦਿ।

ਯਾਦ ਰਹੇ ਕਿ ਪਿਛਲੇ ਕੁਝ ਸਮੇਂ ਵਿਚ ਇਨ੍ਹਾਂ ਦਵਾਈਆਂ ਕਾਰਨ ਕਈ ਦੁਰਘਟਨਾਵਾਂ ਵਾਪਰੀਆਂ ਹਨ। ਇਕ ਫ਼ਾਰਮ ਵਰਕਰ ਜਰਨੈਲ ਸਿੰਘ ਦੀ ਮੌਤ ਵੀ ਹੋਈ ਹੈ।

ਬੀ. ਸੀ. ਫਾਰਮ ਵਰਕਰਜ਼ ਯੂਨੀਅਨ ਨੇ ਪਹਿਲਾਂ ਵੀ ਕੀੜੇ—ਨਾਸ਼ਕ ਦਵਾਈਆਂ ਬਾਰੇ ਅਗਿਆਨਤਾ ਨੂੰ ਦੁਰਘਟਨਾਵਾਂ ਲਈ ਜ਼ਿਮੇਂਵਾਰ ਠਹਿਰਾਇਆ ਸੀ।

ਬੀ. ਸੀ. ਫਾਰਮਰਾਂ ਦੀ ਬਾਹਰਲੀਆਂ ਖਾਣ ਵਾਲੀਆਂ ਚੀਜ਼ਾਂ ਤੇ ਟੈਕਸ ਲਾਉਣ ਦੀ ਮੰਗ

ਰਿਚਮੰਡ — ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨੇ ਆਪਣੀ ਕਨਵੈਨਸ਼ਨ ਵਿਚ ਮੰਗ ਕੀਤੀ ਕਿ ਦੇਸ਼ ਤੋਂ ਬਾਹਰੋਂ ਆਉਣ ਵਾਲੀਆਂ ਖਾਣ ਦੀਆਂ ਚੀਜ਼ਾਂ ਟੈਰਿਫ ਲਗਾਏ ਜਾਣ ਤਾਂਕਿ ਬੀ. ਸੀ. ਫਾਰਮਰ ਆਪਣੇ ਪੈਰਾਂ ਤੇ ਖੜ੍ਹ ਸਕਣ।

ਕਨਵੈਨਸ਼ਨ ਤੇ ਫਾਰਮਰਾਂ ਦੀਆਂ ਹੋਰ ਮੰਗਾਂ ਸਨ ਕਿ ਬਿਜਲੀ ਬਿੱਲਾਂ ਤੇ ਟੈਕਸ ਨਾ ਲਾਇਆ ਜਾਵੇ, ਫਾਰਮ ਕੈਮੀਕਲਾਂ ਦਾ ਰਜਿਸਟਰੇਸ਼ਨ ਲਈ ਵਕਤ ਦਿਤਾ ਜਾਏ, ਤੇ ਸੈਕੰਡਰੀ ਸਕੂਲਾਂ ਵਿਚ ਖੇਤੀਬਾੜੀ ਦੇ ਕੋਰਸ ਮੁੜ ਚਾਲੂ ਕੀਤੇ ਜਾਣ।

ਇਕ ਇੰਟਰਵਿਊ

ਰੰਗ ਮੰਚ ਨਾਲੋਂ ਮੇਰਾ ਮੋਹ ਨਹੀਂ ਟੁੱਟ ਸਕਦਾ

ਪਿਛਲੇ ਦਹਾਕੇ ਵਿਚ ਪੰਜਾਬੀ ਰੰਗ-ਮੰਚ ਵਿਚ ਔਰਤ ਨੂੰ ਉਹ ਸਥਾਨ ਪ੍ਰਾਪਤ ਨਹੀਂ ਸੀ ਜੋ ਅੱਜ ਹੈ। ਇਹ ਵਰਨਣ ਯੋਗ ਗੱਲ ਸਾਡੇ ਸਾਹਮਣੇ ਆਉਂਦੀ ਹੈ ਕਿ ਇਕ ਵਧੀਆ ਕਲਾਕਾਰ ਆਪਣੀ ਮਰਜ਼ੀ ਦਾ ਮਾਲਕ ਹੁੰਦਾ ਹੈ।

ਛੋਟੀ ਉਮਰ ਵਿਚ ਹੀ ਰੰਗ ਮੰਚ ਵਿਚ ਹਿਸਾ ਲੈਣ ਲਗ ਪਈ। ਮਿਹਨਤ ਅਤੇ ਰੁਚੀ ਦੇ ਸਦਕਾ ਅੱਜ ਉਹ ਇਥੋਂ ਤੀਕ ਪੁੱਜ ਗਈ ਹੈ।

ਉਂਜ ਤਾਂ ਸਾਡੇ ਸਮਾਜ ਵਿਚ ਬਹੁਤ ਸਾਰੀਆਂ ਗੱਲਾਂ ਜਾਂ ਸਮਸਿਆਵਾਂ ਅਜਿਹੀਆਂ ਹਨ ਜਿਹਨਾਂ ਤੋਂ ਪ੍ਰਭਾਵਿਤ ਹੋ ਕਿ ਸਾਡੇ ਸਮਾਜ ਨੂੰ ਇਕ ਦਮ ਬਦਲ ਦੇਣ ਦੀ ਮਜ਼ਬੂਰੀ ਹੁੰਦੀ ਹੈ। ਸਾਡੇ ਸਮਾਜ ਵਿਚ ਕਈ ਪ੍ਰਸਿਧ ਕਲਾਕਾਰਾਂ ਦੀਆਂ ਮਨਮਰਜ਼ੀ ਕਰਕੇ ਉਨ੍ਹਾਂ ਦੀਆਂ ਉਮੰਗਾਂ ਭਾਵਨਾਵਾਂ ਆਪ ਹੀ ਵਿਚੇ ਵਿਚ ਰਹਿ ਜਾਂਦੀਆਂ ਹਨ। ਨਤੀਜਾ ਕੀ ਹੁੰਦਾ ਹੈ ਕਲਾਕਾਰ ਦੀ ਖਾਹਿਸ਼ ਭਟਕਦੀ ਰਹਿ ਟੁਰ ਜਾਂਦੀ ਹੈ।

ਇਸੇ ਹੀ ਵਿਸ਼ੇ ਨਾਲ ਸਬੰਧਤ ਰੰਗ ਮੰਚ ਦੀ ਉਭਰ ਰਹੀ ਅਭੀਨੇਤਰੀ ਜਗਜੀਤ ਰੰਧਾਵਾ ਨਾਲ ਮੁਲਾਕਾਤ ਹੋਈ। ਜਿਨ੍ਹਾਂ ਨੂੰ ਪਿਛਲੇ ਦਿਨੀਂ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਵੀ ਆਪਣੀ ਕਲਾ ਦੀ ਪ੍ਰਦਰਸ਼ਨੀ ਦਾ ਮੌਕਾ ਮਿਲਿਆ। ਮੇਰੇ ਕੁਝ ਸੁਆਲਾਂ ਦੇ ਜਵਾਬ ਵਿਚ ਜਗਜੀਤ ਨੇ ਕਿਹਾ, "ਸੰਨ 77 ਦੀ ਇਕ ਸੁਹਾਵਣੀ ਸਵੇਰ ਮੇਰੀ ਜ਼ਿੰਦਗੀ ਦੀ ਸ਼ੁਰੂਆਤ ਹੈ। ਜਦੋਂ ਮੈਨੂੰ ਮੇਰੀ ਕਾਲਜ ਦੀ ਅਧਿਆਪਕਾਂ ਨੇ 'ਦਾਜ' ਦੇ ਸਬੰਧ ਵਿਚ ਕੁਝ ਲਿਖਣ ਲਈ ਕਿਹਾ ਉਂਜ ਤਾਂ ਮੈਨੂੰ ਬਚਪਨ ਵਿਚ ਹੀ ਕਲਾ ਨਾਲ ਬੇਹੱਦ ਪਿਆਰ ਰਿਹਾ ਹੈ। ਉਸ ਵਕਤ ਮੈਂ ਭਾਸ਼ਾ ਵਿਭਾਗ ਪੰਜਾਬ ਦੇ ਮੁਕਾਬਲੇ ਲਈ ਨਾਟਕ "ਦਾਜ ਦਾ ਰਿਸ਼ਤਾ" ਲਿਖਿਆ। ਇਸ ਤੇ ਭਾਸ਼ਾ ਵਿਭਾਗ, ਪੰਜਾਬ ਵਲੋਂ ਤੀਸਰਾ ਇਨਾਮ ਮਿਲਿਆ। 1977 ਵਿਚ ਇਹ ਨਾਟਕ "ਜਨਸਾਹਿਤ" ਵਿਚ ਪ੍ਰਕਾਸ਼ਿਤ ਹੋਇਆ ਤੇ ਡੀ. ਏ. ਵੀ. ਕਾਲਜ ਅੰਮ੍ਰਿਤਸਰ ਵਿਚ ਕਈ ਵੇਰ ਖੇਡਿਆ ਗਿਆ। 1978 ਵਿਚ ਦੋ ਕਹਾਣੀਆਂ ਲਿਖੀਆਂ 'ਮਾਂ' ਤੇ 'ਪਿਆਰ'-'ਮਾਂ' ਕਹਾਣੀ ਮੇਰੀ ਜੀਵਨ ਨਾਲ ਸਬੰਧਤ ਹੈ। ਇਸ ਤੋਂ ਇਲਾਵਾ "ਨਜਾਰਾ ਕਹਾਣੀ ਵੀ ਆਪਣੇ ਹੀ ਨਿਜੀ ਰਿਸ਼ਤਿਆਂ ਤੇ ਆਧਾਰਿਤ ਹੈ।"

—ਜਗਜੀਤ ਜੀ ਤੁਸੀ ਡਰਾਮੇ ਲਿਖ ਰਹੇ ਸੀ ਤਾਂ ਇਕ ਦਮ ਤੁਹਾਡਾ ਝੁਕਾਅ ਕਹਾਣੀ ਵੱਲ ਕਿਉਂ ਆਇਆ?

—ਕਹਾਣੀ ਇਕ ਥੋੜ੍ਹੇ ਜਿਹੇ ਵਕਤ ਵਿਚ ਸਮਝਾਉਣ ਵਾਲੀ ਗੱਲ ਹੁੰਦੀ ਹੈ। ਡਰਾਮਾ ਵਿਸਥਾਰ ਵਿਚ। ਉਹ ਛੇਤੀ ਛਪਵਾਏ ਵੀ ਨਹੀਂ ਜਾ ਸਕਦੇ। ਇਸ ਕਰਕੇ ਅਜਿਹੀ ਮਜ਼ਬੂਰੀ ਨੂੰ ਵੇਖ ਕੇ ਕਹਾਣੀ ਲਿਖਣੀ ਪਈ ਪਰ ਵਧੇਰੇ ਝੁਕਾਅ ਅੱਜ ਵੀ ਡਰਾਮੇ ਲਿਖਣ ਵੱਲ ਹੈ। ਪਰ ਕੁਝ ਇਕ ਗੱਲਾਂ ਹੁੰਦੀਆਂ ਨੇ ਜੋ ਜਲਦੀ ਦਸਣੀਆਂ ਪੈਂਦੀਆਂ ਹਨ।

—ਤੁਸੀ ਡਰਾਮੇ ਲਿਖੇ ਵੀ ਹਨ ਆਪ ਖੇਡੇ ਵੀ ਹਨ? ਨਿਰਦੇਸ਼ਕ ਵੀ ਰਹੇ? ਇਕ ਕਲਾਕਾਰ ਵੀ ਰਹੇ ਹੋ? —ਜਦੋਂ ਤੁਸੀ ਕਿਸੇ ਦੂਸਰੇ ਲੇਖਕ ਦੇ ਡਰਾਮੇ'ਚ ਰੋਲ ਕਰ ਰਹੇ ਹੁੰਦੇ ਹੋ ਕਦੀ ਇਹ ਅਹਿਸਾਸ ਹੋਇਆ ਹੈ ਕਿ ਤੁਸੀਂ ਇਸ ਥਾਂ ਜੇਕਰ ਆਪਣੀ ਸਕਰਿਪਟ ਪੇਸ਼ ਕਰ ਸਕਦੇ?

ਡਰਾਮਾ ਮੇਰੀ ਜ਼ਿੰਦਗੀ ਦਾ ਵਿਸ਼ੇਸ਼ ਸਥਾਨ ਹੈ। ਬਚਪਨ ਤੋਂ ਮੈਨੂੰ ਰੰਗ ਮੰਚ ਨਾਲ ਇਨਾਂ ਪਿਆਰ ਹੈ ਜਿਹੜਾ ਵਰਨਣ ਹੀ ਨਹੀਂ ਕੀਤਾ ਜਾ ਸਕਦਾ। ਮੈਂ ਬਹੁਤ ਘੱਟ ਉਮਰ ਵਿਚ ਆਪਣਾ ਲਿਖਿਆ ਡਰਾਮਾ "ਤਕਦੀਰ ਬਦਲਦੀ ਦੁਨੀਆਂ ਦੀ" ਖੇਡਿਆ। ਇਸ ਨਾਲ ਮੇਰਾ ਅਨੁਭਵ ਬਣਿਆਂ ਕਿ ਮੈਂ ਵੀ ਇਕ ਨਿਰਦੇਸ਼ਕ ਬਣ ਸਕਦੀ ਹਾਂ। ਉਸ ਨੂੰ ਖੁਦ ਆਪ ਡਾਇਰੈਕਟ ਕੀਤਾ। ਆਪ ਬੁੱਢੀ ਸੱਸ ਪ੍ਰਕਾਸ਼ ਦਾ ਰੋਲ ਕਰਕੇ ਸਫਲਤਾ ਹਾਸਲ ਕੀਤੀ। ਇਸ ਅਨੁਭਵ ਵਿਚ ਮੈਂ ਕਾਫੀ ਹੱਦ ਤੀਕ ਸਫਲ ਰਹੀ ਹਾਂ। ਇਸ ਨੂੰ ਰੰਗ ਮੰਚ ਅੰਮ੍ਰਿਤਸਰ ਵਲੋਂ ਦੋ ਵਾਰ ਸਟੇਜ ਤੇ ਖੇਡਿਆ ਤੇ ਦੋ ਵਾਰੀ ਇਨਾਮ ਵੀ ਹਾਸਲ ਕੀਤਾ।

—ਜਗਜੀਤ ਜੀ, ਜਦੋਂ ਤੁਸੀਂ ਪਹਿਲੀ ਵਾਰ ਰੰਗ ਮੰਚ ਦੇ ਖੇਤਰ ਵਿਚ ਆਏ ਤਾਂ ਇਕ ਔਰਤ ਦੇ ਰੋਲ ਵਿਚ ਜਾਂ ਫਿਰ ਕਿਤੇ ਬਾਹਰ ਜਾਣ ਵਕਤ ਤੁਹਾਨੂੰ ਕੋਈ ਪਰੇਸ਼ਾਨੀਆਂ ਵੀ ਆਈਆਂ?

—ਬਚਪਨ ਤੋਂ ਮੈਨੂੰ ਸਟੇਜ ਨਾਲ ਪਿਆਰ ਰਿਹਾ ਹੈ। ਸਕੂਲ ਟਾਈਮ ਤੋਂ ਲੈ ਕੇ ਮੈਨੂੰ ਕਾਲਜ, ਯੂਨੀਵਰਸਿਟੀ ਤੱਕ ਸਟੇਜ ਨਾਲ ਮੋਹ ਰਿਹਾ। ਵੱਖ ਵੱਖ ਕਾਲਜਾਂ ਦੇ ਭਾਸ਼ਨ ਮੁਕਾਬਲਿਆਂ, ਕਵਿਤਾ ਉਚਾਰਣ ਮੁਕਾਬਲੇ ਤੇ ਗੀਤ ਮੁਕਾਬਲੇ ਵਿਚ ਸੈਂਕੜੇ ਇਨਾਮ ਹਾਸਲ ਕੀਤੇ। ਕਾਲਜ ਟਾਈਮ ਵਿਚ ਮੈਂ ਕਾਫੀ ਉਘੜ ਕੇ ਸਾਹਮਣੇ ਆਈ। ਹਾਂ ਵੁਮੈਨ ਕਾਲਜ ਵਿਚ ਪੜ੍ਹਦੇ ਸਮੇਂ ਮੈਨੂੰ ਥੋੜੀ ਮੁਸ਼ਕਲ ਇਹ ਆਈ ਕਿ ਮੈਂ ਲੜਕੇ ਦਾ ਰੋਲ ਵੀ ਆਪ ਕਰ ਰਹੀ ਸਾਂ। ਪਰ ਐਮ. ਏ ਵਿਚ ਜਾ ਕੇ ਇਹ ਮੁਸ਼ਕਲ ਵੀ ਦੂਰ ਹੋ ਗਈ। ਪਰ ਫਿਰ ਨਾਟਕ ਕਲਾ ਮੰਦਰ ਅੰਮ੍ਰਿਤਸਰ ਵਿਚ ਮੈਂਬਰ ਬਣ ਇਹ ਮੁਸ਼ਕਲਾਂ ਦੂਰ ਹੋ ਗਈਆਂ।

ਜਗਜੀਤ ਰੰਧਾਵਾ

—ਅੱਜ ਤੀਕ ਤੁਹਾਡੇ ਖੇਡੇ ਹੋਏ ਡਰਾਮੇ ਵਿਚੋਂ ਤੁਹਾਨੂੰ ਆਪਣਾ ਰੋਲ ਕਿਸ ਵਿਚ ਪਸੰਦ ਲੱਗਾ ਹੈ?

—ਕੋਈ 15-16 ਲੇਖਕਾਂ ਦੇ ਡਰਾਮੇ ਮੈਂ ਸਟੇਜਾਂ ਤੇ ਖੇਡੇ ਹਨ। ਪਸੰਦ ਤਾਂ ਦਰਸ਼ਕਾਂ ਦੀ ਹੀ ਹੁੰਦੀ ਹੈ। ਉਂਜ ਮੇਰਾ "ਦੂਜਾ ਵਿਆਹ" ਡਰਾਮਾ ਐਕਟਿੰਗ ਵਿਚ ਹਰ ਥਾਂ ਪਸੰਦ ਕੀਤਾ ਗਿਆ। ਉਸ ਵਕਤ ਮੈਂ 17 ਸਾਲ ਦੀ ਸੀ ਜਦੋਂ ਇਸ ਉਮਰ ਵਿਚ ਬੁਢੀ ਮਾਂ ਦਾ ਰੋਲ ਕੀਤਾ। ਇਸ ਉਮਰ ਵਿਚ ਮੈਨੂੰ ਦੋ ਵਾਰ "ਗੋਲਡ ਮੈਡਲ" ਮਿਲਿਆ। ਇਕ ਵਾਰ ਡੀ. ਏ. ਵੀ. ਕਾਲਜ ਅੰਮ੍ਰਿਤਸਰ ਤੋਂ ਇਕ ਵਾਰ ਇਥੋਂ ਇਕ ਕਲੱਬ ਤੋਂ। "ਪਾਗਲ ਲੋਕ" ਵਿਚ ਲੋਕਾਂ ਨੂੰ ਪਹਿਚਾਨਣ ਵਿਚ ਦਿਕਤ ਰਹੀ। ਇਸ ਦੇ ਡਾਇਰੈਕਟਰ ਮਿਸ਼ਜ ਮਹਿੰਦਰਾ ਸੰਗਤਾ ਸਨ ਤੇ ਲੇਖਕ ਕਪੂਰ ਸਿੰਘ ਘੁੰਮਣ ਸਨ। ਪਿਛੇ ਜਿਹੇ ਚੰਡੀਗੜ੍ਹ ਵਿਖੇ "ਟੋਬਾ ਟੇਕ ਸਿੰਘ" ਮੰਟੋ ਦੀ ਕਹਾਣੀ ਦੇ ਅਧਾਰਿਤ ਸੀ। ਇਹ ਮੈਂ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਪੇਸ਼ ਕੀਤਾ। ਇਥੇ ਦਰਸ਼ਕਾਂ ਨੇ ਮੇਰਾ ਰੋਲ ਬਹੁਤ ਪਸੰਦ ਕੀਤਾ।

—ਜਲੰਧਰ ਦੂਰਦਰਸ਼ਨ ਦੇ ਰੰਗ ਮੰਚ ਬਾਰੇ ਤੁਹਾਡਾ ਕੀ ਵਿਚਾਰ ਹੈ?

—ਇਥੇ ਤਾਂ ਸਿਫਾਰਿਸ਼ ਸਮਝੋ ਬੱਸ। ਡਰਾਮਿਆਂ ਦਾ ਕੋਈ ਉਚਾ ਮਿਆਰ ਨਹੀਂ ਸਿਰਫ ਸਿਫਾਰਿਸ਼ ਵਾਲੇ ਕਲਾਕਾਰਾਂ ਨੂੰ ਪਹਿਲ ਦਿਤੀ ਜਾਂਦੀ ਹੈ। ਜਿਹਨਾਂ ਨੂੰ ਡਾਇਲਾਗ ਦੀ ਬਣਤਰ ਤੇ ਉਚਾਰਨ ਬਾਰੇ ਵੀ ਪੂਰਾ ਪਤਾ ਨਹੀਂ ਹੁੰਦਾ। ਲਾਹੌਰ ਟੈਲੀਵੀਜ਼ਨ ਤੋਂ "ਦਹਿਲੀਜ਼" ਇਕ ਸਫਲ ਡਰਾਮਾ ਕਿਹਾ ਜਾ ਸਕਦਾ ਹੈ। ਹੁਣ ਇਥੇ ਵੀ ਜਲਦੀ ਡਰਾਮਿਆਂ ਵਿਚ ਸੁਧਾਰ ਕੀਤਾ ਜਾ ਰਿਹਾ ਹੈ।

—ਅੱਜ ਤੀਕ ਕਿੰਨੇ ਡਰਾਮੇ ਲਿਖੇ ਹਨ? ਇਹਨਾਂ ਤੋਂ ਬਿਨਾਂ ਹੋਰ ਕੀ ਲਿਖਿਆ ਹੈ?

— — ਮਨਜੀਤ, ਮੈਂ ਭੁਲੇਖੇ, ਤਕਦੀਰ ਬਦਲਦੀ ਦੁਨੀਆਂ, ਜਾਇਦਾਦ ਦੇ ਵਾਰਸ, ਸਵਰਗ ਦਾ ਝੂਟਾ, ਲਿਖੇ ਹਨ। ਹੁਣ ਦੋ ਲੇਖ ਵੀ ਮੁਕਾਬਲੇ ਲਈ ਹਨ। ਕੁਝ ਕਹਾਣੀਆਂ ਲਿਖੀਆਂ ਹਨ। ਜਲਦੀ ਹੀ ਪੁਸਤਕ ਰਲੀਜ਼ ਕਰਵਾ ਰਹੀ ਹਾਂ।

. ਭਵਿਖ ਬਾਰੇ ਖਿਆਲ ਹੈ ਸਟੇਜ ਨਾਲ ਮੋਹ ਤਾਂ ਕਦੀ ਵੀ ਟੁੱਟ ਨਹੀਂ ਸਕਦਾ। ਅਜੇ ਇਹ ਸ਼ੌਕ ਮੈਂ ਕੁਝ ਚਿਰ ਤੀਕ ਪੂਰਾ ਕਰ ਸਕਾਂਗੀ। ਜਦੋ ਆਪ ਖੁਦ ਡਰਾਮੇ ਡਾਇਰੈਕਟ ਕਰਾਂਗੀ। ਕੁਝ ਪ੍ਰੀਵਾਰਕ ਹਾਲਾਤਾਂ ਕਰਕੇ ਅਜੇ ਕੁਝ ਚਿਰ ਲਈ ਇਹ ਕੰਮ ਬੰਦ ਕਰਨਾ ਪਿਆ। ਭਵਿੱਖ ਵਿਚ ਰੰਗ-ਮੰਚ ਦੀ ਪੂਰੀ ਲਗਨ ਨਾਲ ਸੇਵਾ ਕਰਾਂਗੀ।

(ਮਨਜੀਤ ਸਿੰਘ ਰੱਤੂ ਵਿਸ਼ੇਸ਼ ਪ੍ਰਤੀਨਿਧ)

ਵਿਸ਼ੇਸ਼ ਲੇਖ

ਵਧ ਰਿਹਾ ਡਿਸਕੋ ਦਾ ਨਵਾਂ ਫੈਸ਼ਨ

ਮਨਜੀਤ ਸਿੰਘ ਰੱਤੂ

ਅੱਜ ਸਾਇੰਸ ਦਾ ਯੁੱਗ ਬਹੁਤ ਤੇਜ਼ੀ ਨਾਲ ਅਗੇ ਵਧ ਰਿਹਾ ਹੈ ਕਿਤੇ ਨਵੀਆਂ ਨਵੀਆਂ ਕਾਂਢਾ ਨਾਲ ਨਵੀਆਂ ਹੀ ਤਕਨੀਕਾਂ ਨਿਕਲ ਰਹੀਆਂ ਹਨ। ਅੱਜਕੱਲ ਦੇ ਨੌਜਵਾਨ ਲੜਕੇ ਤੇ ਲੜਕੀਆਂ ਇਸ ਫੈਸ਼ਨ ਵਿਚ ਬਹੁਤ ਤੇਜ਼ੀ ਨਾਲ ਭਾਗ ਲੈਂਦੇ ਹਨ। ਆਉ ਜ਼ਰਾ ਜਾਣੀਏ ਕਿ ਡਿਸਕੋ ਅਸਲ ਵਿਚ ਹੈ ਕੀ ਚੀਜ਼ ਜਿਸਨੇ ਸਾਰੀ ਦੁਨੀਆਂ ਦੇ ਨੌਜਵਾਨਾਂ ਵਿਚ ਹਲਚਲ ਮਚਾ ਦਿੱਤੀ ਏ।

ਡਿਸਕੋ ਇਕ ਤਰਾਂ ਦਾ ਨਾਟਕ, ਜਿਸ ਵਿਚ ਮੁੰਡੇ ਕੁੜੀਆਂ ਨੱਚਦੇ ਟਪਦੇ, ਗਾਉਂਦੇ ਗੀਤਮਈ ਅਵਾਜ਼ ਨਾਲ ਸਾਰੇ ਵਾਤਾਵਰਣ ਵਿਚ ਹਲਚੱਲ ਮਚਾ ਦਿੰਦੇ ਹਨ। ਡਿਸਕੋ ਦੇ ਰੰਗ ਨਜ਼ਾਰੇ ਵਖ ਵਖ ਡਿਜ਼ਾਇਨਾਂ ਵਿਚ ਦੇਖੇ ਜਾ ਸਕਦੇ ਹਨ। ਡਿਸਕੋ ਦਿਵਾਨਿਆਂ ਦੀ ਸ਼ਾਂਤ ਅਵਾਜ਼ ਹਾਲ ਵਿਚ ਗੂੰਜਦੀ ਹੈ। ਅਜਿਹਾ ਪ੍ਰੋਗਰਾਮ ਤਿਆਰ ਕਰਨਾ ਕਿਸੇ ਤਰਾਂ ਅਸਾਨ ਨਹੀਂ ਹੁੰਦਾ। ਕਿਉਂਕਿ ਕਿਸੇ ਵੀ ਕਲੱਬ ਵਿਚ ਪੇਸ਼ਾਵਰ ਕਲਾਕਾਰ ਨਹੀਂ ਹੁੰਦੇ। ਉਹ ਆਪ ਹੀ ਢੇਰ ਸਾਰੇ ਸਾਹਿਤ ਤੇ ਨਜ਼ਰ ਮਾਰਦੇ ਹਨ। ਉਹ.
ਨਵੀਆਂ ਖੋਜਾਂ ਖੋਜਦੇ ਹਨ। ਅਸਲ ਵਿਚ ਇਹ ਕੰਮ ਸਾਂਝਾ ਹੁੰਦਾ ਏ। ਜੋ ਦੂਜੇ ਪ੍ਰਸਪਰ ਵਿਅਕਤੀਆਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦਾ ਏ। ਕਈ ਥਾਵਾਂ ਤੇ ਤਾਂ ਇਹਨਾਂ ਦਿਲਾਂ ਵਿਚ ਡਿਸਕੋ ਥੀਏਟਰ ਕਾਇਮ ਕੀਤੇ ਜਾ ਰਹੇ ਹਨ।

ਜਿਉਂ ਜਿਉਂ ਹੀ ਵਕਤ ਬੀਤਦਾ ਜਾ ਰਿਹਾ ਹੈ। ਪ੍ਰੋਗਰਾਮ ਬਦਲਦੇ ਗਏ, ਅਤੇ ਬਿਹਤਰ ਹੁੰਦੇ ਗਏ। ਕਈਆਂ ਦੀ ਤਾਂ ਇਹ ਵਿਚਾਰ ਹੈ ਕਿ ਵਿਸ਼ੇ ਵਸਤੂ ਦੀ ਦ੍ਰਿਸ਼ਟੀ ਤੋਂ ਪ੍ਰੋਗਰਾਮ ਵੱਖ ਹੋ ਸਕਦੇ ਹਨ ਪਰ ਉਹਨਾਂ ਨੂੰ ਅਤਿਅੰਤ ਦਿਲਚਸਪ ਹੋਣਾ ਚਾਹੀਦਾ ਹੈ। ਡਿਸਕੋ ਸਰੀਰਕ ਤੇ ਭਾਵਨਆਤਮਿਕ ਦਬਾਅ ਨੂੰ ਘੱਟ ਕਰਨ ਦਾ ਸਭ ਤੋਂ ਚੰਗਾ ਮੌਕਾ ਮੁਹਈਆ ਕਰਦੇ ਹਨ। ਜੇਕਰ ਨੌਜਵਾਨ ਉਮਰ ਵਿਚ ਪੈਦਾ ਹੋ ਜਾਂਦਾ ਏ, ਇਹ ਉਹਨਾਂ ਦੀ ਖੁਲ ਏ, ਸ਼ਾਮ ਨੂੰ ਦਿਲਚਸਪ ਢੰਗ ਨਾਲ ਉਹਨਾਂ ਦੀ ਮਦਦ ਕਰਦਾ ਹੈ।

ਡਿਸਕੋ ਦੀਵਾਨਿਆਂ ਦਾ ਲਿਬਾਸ ਵੀ ਆਪਣੀ ਕਿਸਮ ਦਾ ਹੁੰਦਾ ਹੈ। ਡਿਸਕੋ ਦੇ ਦੋ ਪ੍ਰਸਿਧ ਰੂਪ ਸਾਡੇ ਸਾਹਮਣੇ ਆਏ ਨੇ ਇਕ ਆਨੰਦ ਬਲਰਾਜ ਤੇ ਦੂਸਰੀ (ਮਿਸ ਰੁਕਸਾਨਾ ਟੋਡੀਵਾਲਾ) ਇਹਨਾ ਨੇ ਹਰ ਤਰਾਂ ਦੀਆਂ ਪੋਸ਼ਾਕਾਂ ਤਿਆਰ ਕੀਤੀਆਂ ਹਨ। ਰੁਕਸਾਨਾ ਅੱਜਕੱਲ ਫਿਲਮਾਂ ਵਿਚ ਡਿਸਕੋ ਦੇ ਰੋਲ ਅਪਣਾ ਰਹੀ ਹੈ। ਮਨੁੱਖ ਦੇ ਹਰ ਜੀਵਨ ਦੇ ਵਕਤ ਵਿਚ ਤਬਦੀਲੀ ਹੁੰਦੀ ਆਈ ਹੈ। ਪਹਿਲੇ ਬੰਦਨਾ ਨੂੰ ਤੋੜਨਾ ਸੀਮਾਵਾਂ ਨੂੰ ਲੰਘਣਾ ਮਾਨਤਾਵਾਂ ਨੂੰ ਨਾ ਮੰਨਣ ਦੀ ਰੁਚੀ ਵਿਚ ਲੋਕਾਂ ਨੂੰ ਇਸ ਤਰਾਂ ਮਜ਼ਾ ਆਉਣ ਲੱਗਾ ਏ। ਇਕ ਨਵੀਂ ਸੰਸਕ੍ਰਿਤੀ ਦੇ ਰੂਪ ਵਿਚ ਸਥਾਪਤ ਹੋ ਗਈ ਹੈ। ਇਸੇ ਹੀ ਸੰਸਕ੍ਰਿਤਕ ਰੂਪ ਤੇ ਪ੍ਰੀਵਰਤਨ ਦਾ ਨਾਂ ਹੈ "ਡਿਸਕੋ" ਕਿਸੇ ਨੂੰ ਕਿਸੇ ਦਾ ਫਿਕਰ ਨਹੀਂ ਭੀੜ ਵਿਚ ਰਹਿੰਦੇ ਹੋਏ ਵੀ ਇਕੱਲੇ ਸਾਰੇ ਨੱਚ ਰਹੇ ਹੁੰਦੇ ਨੇ — ਅਸੂਲ ਜਾਂ ਕੋਈ ਬੰਦਨ ਨਹੀਂ ਰਿਹਾ। ਅਜ਼ਾਦੀ ਹੀ ਅਜ਼ਾਦੀ। ਸਾਹਮਣੇ ਸ਼ਰਮ ਸੰਕੋਚ ਜਾਂ ਝੰਜਟ ਨਹੀਂ ਰਹਿੰਦਾ।

ਪੱਛਮੀ ਦੇਸਾਂ ਤੋਂ ਇਹ ਰੁਖ ਬਦਲ ਕੇ ਸਾਡੇ ਮੁਲਕ ਵਿਚ ਵੀ ਆ ਗਿਆ ਏ, ਅੱਜ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਡਿਸਕੋ ਦੀ ਪੂਰੀ ਧੂੰਮ ਏ। ਜੋ ਡਿਸਕੋ ਨਹੀਂ ਜਾਂਦਾ ਉਹ ਪਛੜਿਆ ਕਿਹਾ ਜਾਂਦਾ ਹੈ। ਅੱਜ ਸਾਡੇ ਮੁਲਕਾਂ ਦਾ ਫੈਸ਼ਨ ਹੈ "ਡਿਸਕੋ"। ਪਿਛੇ ਜਿਹੇ ਇਕ ਡਿਸਕੋ ਦੀਵਾਨੇ ਨੇ ਦੱਸਿਆ "ਇਥੇ ਤਾਂ ਡਿਸਕੋ ਪੈਸੇ ਤੇ ਅਯਾਸ਼ੀ ਦੀ ਤਰ੍ਹਾਂ ਇੱਕ ਫੈਸ਼ਨ ਹੈ" ਰੁਪਿਆ ਭਰ ਕੇ ਹੀ ਲੋਕ ਡਿਸਕੋ ਦਾ ਆਨੰਦ ਮਾਣ ਸਕਦੇ ਹਨ। ਇਥੇ ਅਜੇ ਡਿਸਕੋ ਵਡੇ ਵਡੇ ਸ਼ਹਿਰਾਂ ਵਿੱਚ ਹੀ ਹੈ। ਕਈ ਫੈਸ਼ਨ ਪ੍ਰਸਤ ਲੋਕ ਹਰ ਸ਼ਾਮ ਡਿਸਕੋ ਕਲੱਬ ਵਿੱਚ ਜਾਕੇ ਘੁੱਟ ਪੀ ਕੇ ਸਿਗਰਟ ਪੀ ਕੇ ਊਟ ਪਟਾਂਗ ਹਿਲਦੇ ਹਨ। ਮੁੰਡਿਆਂ ਨਾਲ ਜੁੜ ਜੁੜ ਨੱਚਦੀਆਂ ਕੁੜੀਆਂ ਲਾਪਰਵਾਹ ਉਮਰ ਵਿੱਚ ਇਹ ਸਭ ਮਿਲਕੇ ਹੀ ਸੁਪਨੇ ਦੀ ਦੁਨੀਆਂ ਬਣ ਜਾਂਦੀ ਹੈ। ਇਹੀ ਕਾਰਨ ਹੈ ਕਿ "ਡਿਸਕੋ" ਇਥੇ ਕਾਫੀ ਪ੍ਰਸਿਧ ਹੋ ਰਹੀ ਹੈ।

ਇਕ ਗਲ ਹੋਰ ਵੇਖਣ ਵਿਚ ਆਈ ਹੈ ਕਿ ਡਿਸਕੋ ਜਾਣ ਵਾਲਾ ਵਿਅਕਤੀ ਇਹ ਨਹੀਂ ਚਾਹੁੰਦਾਕਿ ਕਿਸੇ ਭੈਣ, ਮਾਂ, ਭਰਾ, ਪੁੱਤ ਨੂੰ ਡਿਸਕੋ ਵਿਚ ਲੈ ਕੇ ਜਾਏ। ਤਰਾਂ ਤਰਾਂ ਦੇ ਰੰਗਾਂ ਵਾਲੀਆਂ ਰੋਸ਼ਨੀਆਂ ਮੱਧਮ ਤੇ ਤੇਜ਼ ਮਿਊਜ਼ਕ : ਕਿਉਂ ਕਿ ਡਿਸਕੋ ਵਿਚ ਰੋਸ਼ਨੀ ਦਾ ਇਕ ਖਾਸ ਮਹੱਤਵ ਰੋਲ ਹੈ ਇਸ ਲਈ ਇਸ ਨਾਲ ਲੋਕਾਂ ਨੂੰ ਜੁੜੇ ਰਹਿਣ ਦੀ ਮੌਕਾ ਮਿਲਦਾ ਹੈ।

ਅਜ ਤਾਂ ਡਿਸਕੋ ਦੇ ਅਜਿਹੇ ਮਾਲਕਾਂ ਨੇ ਡਿਸਕੋ ਦੇ ਸਟੂਡੀਓ ਬਣਾ ਕੇ ਖਾਸ ਸੇਵਾ ਸ਼ੁਰੂ ਕੀਤੀ ਹੈ। ਵਿਆਹ ਸ਼ਾਦੀ ਵੇਲੇ ਖਾਸ ਪ੍ਰਬੰਧ ਕੀਤੇ ਜਾਂਦੇ ਹਨ। ਉਹ ਸਾਰਾ ਇੰਤਜ਼ਾਮ ਘਰਾਂ ਵਿਚ ਹੀ ਕਰ ਦੇਂਦੇ ਹਨ। ਅਸਲ ਵਿਚ ਡਿਸਕੋ ਦੇ ਪ੍ਰੇਮੀ ਜੋੜੇ, ਜੁਆਨੀ ਦੀਆਂ ਸ਼ਾਮਾਂ ਰੰਗੀਨੀ ਵਿਚ ਬਤੀਤ ਕਰਦੇ ਹਨ। ਡਿਸਕੋ ਸਮੇਂ ਵਿਚ ਇਹ ਨੌਜਵਾਨ ਮੁੰਡੇ ਕੁੜੀਆਂ ਹਰ ਵਰਗ ਦੇ ਲੋਕਾਂ ਨੂੰ ਆਪਣੇ ਤੇ ਮੋਹਤ ਕਰ ਲੈਂਦੇ ਹਨ।

ਚੰਡੀਗੜ੍ਹ ਵਿਚ ਸਨਿਚਰਵਾਰ ਦੀ ਰਾਤ ਨੂੰ ਝੀਲ ਤੇ ਹੋਈ ਡਿਸਕੋ ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਜੋੜੇ ਸੰਗੀਤ ਦੀਆਂ ਧੁਨਾਂ ਤੇ ਥਿਰਕਦੇ ਹੋਏ

AMARJIT KAUR BHULLAR

B.A.,LL.B.

BARRISTERAND SOCLICTOR
FOR IMMIGRATION AND
ALL OTHER PROBLEMS

- IMMIGRATION
- FAMILY
- CRIMINAL
- ACCIDENT
- PROPERTY DEALS
- ANY KIND OF LEGAL MATTER

PHONE (604)321-6211

#203-190E.48th AVE. At Main St.

VANCOUVER,B.C.V5W 2C8

ਨਿਊਵੈਸਟ ਗੁਰਦੁਆਰਾ ਸਾਹਿਬ ਦੀ ਚੋਣ ਵਿਚ

ਨਵੀਂ ਕਮੇਟੀ ਲਈ ਸਕੱਤਰ ਦੀ

ਸੇਵਾ ਲਈ ਉਮੀਦਵਾਰ

ਜੋਗਿੰਦਰ ਸਿੰਘ ਜੌਹਲ

ਤੁਹਾਡੀ ਵੋਟ ਦੇ ਹੱਕਦਾਰ ਹਨ
ਜਿਨ੍ਹਾਂ ਨੂੰ
ਨਿਰਪੱਖਤਾ ਦੇ ਆਧਾਰ ਤੇ ਚੁਣ ਕੇ ਤੁਸੀਂ ਆਪਣੇ ਵੋਟ ਦੀ ਸਹੀ ਵਰਤੋਂ ਕਰ ਰਹੇ ਹੋਵੋਗੇ।

ਆਪਣੇ ਅਜ਼ਮਾਏ ਹੋਏ ਸੇਵਾਦਰ

ਵੋਟਾਂ ਐਤਵਾਰ ਸਾਢੇ ਦਸ ਵਜੇ ਤੋਂ 8 ਵਜੇ ਸ਼ਾਮ ਤੱਕ ਪੈਣੀਆਂ ਹਨ।

ਜੋਗਿੰਦਰ ਸਿੰਘ ਜੌਹਲ

ਫੋਨ: 277-8754

Paid by S. Joginder Singh Johal

ਸਾਡਾ ਲੋਕ ਵਿਰਸਾ

ਲੋਕ ਗੀਤਾਂ ਵਿਚ

ਸੰਗ੍ਰਹਿ : ਦਾਨ ਸਿੰਘ ਕੋਮਲ

ਛੜੇ

ਕਾਹਨੂੰ ਦੇਨੀਂ ਏ ਕੁਪੱਤੀਏ ਗਾਲ੍ਹਾਂ
ਛੜੇ ਦਾ ਕਿਹੜਾ ਪੁੱਤ ਮਰ ਜੂ।

ਛਿੱਟਾ ਦੇ ਜਾ ਪਤਲੀਏ ਨਾਰੇ
ਛੜਿਆਂ ਦਾ ਦੁੱਧ ਉੱਬਲੇ।

ਅਸੀਂ ਰੱਬ ਦੇ ਪ੍ਰਾਹੁਣੇ ਆਏ
ਲੋਕੀਂ ਸਾਨੂੰ ਛੜੇ ਆਖਦੇ।

ਜਿੱਤ ਹੋ ਜੂ ਫ਼ਰੰਗੀਆ ਤੇਰੀ
ਛੜਿਆਂ ਨੂੰ ਲੈ ਜਾ ਲਾਮ 'ਤੇ।

ਤੁਸੀਂ ਦੇ ਦਿਓ ਦੇਸ਼ ਨਿਕਾਲਾ
ਪਿੰਡ ਦੇ ਛੜਿਆਂ ਨੂੰ।

ਖ਼ੁੱਸ ਗਈ ਮੁਖ਼ਤਾਰੀ ਛੜਿਆ
ਭਾਬੋ ਨਾਲ ਲੈ ਗਈ ਕੁੰਜੀਆਂ।

ਮੇਰੀ ਚੱਪਣੀ ਵਗਾਹ ਕੇ ਮਾਰੀ
ਛੜਿਆਂ ਦੇ ਅੱਗ ਨੂੰ ਗਈ।

ਰੰਨਾਂ ਵਾਲਿਆਂ ਨੂੰ ਬੜੀਆਂ ਮੌਜਾਂ
ਛੜਿਆਂ ਨੂੰ ਵਖਤ ਬੜੇ।

ਐਵੇਂ ਭਰਮ ਰੰਨਾਂ ਨੂੰ ਮਾਰੇ
ਰਲ ਕੇ ਨਾ ਛੜੇ ਫਿਰਦੇ।

ਛੜੇ ਬੈਠ ਕੇ ਸਲਾਹਾਂ ਕਰਦੇ
ਕੌਣ-ਕੌਣ ਹੋਈਆਂ ਰੰਡੀਆਂ।

ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ
ਛੜਿਆਂ ਦੀ ਅੱਗ ਨਾ ਬਲੇ।

ਕੋਈ ਡਰਦੀ ਪੀਹਣ ਨਾ ਜਾਵੇ
ਛੜਿਆਂ ਦੇ ਦੋ ਚੱਕੀਆਂ।

ਛੜੇ ਕਰਦੇ ਮਸ਼ਕਰੀ ਬਿੱਦ ਕੇ
ਰੰਨਾਂ ਵਾਲੇ ਘੱਟ ਬੋਲਦੇ।

ਜਿਥੇ ਲੱਗਣ ਤੇਲ ਦੇ ਤੜਕੇ
ਉਹ ਘਰ ਛੜਿਆਂ ਦਾ।

ਛੜੇ ਬਹਿਣਗੇ ਮੱਕੀ ਦੀ ਰਾਖੀ
ਰੰਨਾਂ ਵਾਲੇ ਘਰ ਰਹਿਣਗੇ।

ਚੁੱਲ੍ਹੇ ਅੱਗ ਨਾ ਘੜੇ ਵਿਚ ਪਾਣੀ
ਉਹ ਘਰ ਛੜਿਆਂ ਦਾ।

ਜਿਥੇ ਲੂਣ ਘੋਟਣਾ ਖੜਕੇ
ਉਹ ਘਰ ਛੜਿਆਂ ਦਾ।

ਐਵੇਂ ਜਾਏਂਗਾ ਜਹਾਨੋਂ ਖ਼ਾਲੀ
ਵੇ ਛੜਿਆ ਦੋਜ਼ਕੀਆ।

ਅਸਾਂ ਰੱਬ ਨੂੰ ਉਲ੍ਹਾਮਾਂ ਦੇਣਾ
ਛੜਿਆਂ ਸਲਾਹ ਕਰ ਲਈ।

ਵਹੁਟੀ ਵੇਖਣ ਕੋਈ ਨਾ ਆਵੇ
ਛੜੇ ਦਾ ਵਿਆਹ ਹੋ ਗਿਆ।

ਦਾਣੇ ਪੀਹਣ ਨਾ ਛੜੇ ਦੇ ਕੋਈ ਜਾਵੇ
ਘਰ-ਘਰ ਚੱਕੀਆਂ ਨੇ।

ਘਰ ਵੇਖ ਲੈ ਦਰਾਣੀ ਤੇਰੀ
ਛੜਾ ਨਾ ਹੁਣ ਆਖ ਭਾਬੀਏ।

ਛੜਿਆਂ ਨੂੰ ਅੱਗ ਨਾ ਮਿਲੇ
ਐਵੇਂ ਮਿਲਣ ਮੁਫ਼ਤ ਦੀਆਂ ਗਾਲ੍ਹਾਂ।

ਅੱਖੀਂ ਸੁਰਮਾ ਹੱਥਾਂ ਵਿਚ ਸ਼ੀਸ਼ੇ
ਛੜੇ ਚੱਲੇ ਮੱਸਿਆ ਨੂੰ।

ਕਾਹਨੂੰ ਭੁੱਲ ਕੇ ਛੜੇ ਵੱਲ ਵੇਖਿਆ
ਵੱਢ ਕੇ ਬਰੂਹਾਂ ਖਾ ਗਿਆ।

ਏਸ਼ੀਆ ਬੁੱਕ ਕੰਪਨੀ

ਜਿਥੇ ਤੁਹਾਨੂੰ ਪੰਜਾਬੀ, ਹਿੰਦੀ,
ਅੰਗਰੇਜ਼ੀ ਦੀਆਂ ਹਰ ਕਿਸਮ ਦੀਆਂ
ਕਿਤਾਬਾਂ ਮਿਲ ਸਕਦੀਆਂ ਹਨ।
ਗਿਆਨੀ ਕੇਸਰ ਸਿੰਘ ਨਾਵਲਿਸਟ (ਕੈਨੇਡਾ)
ਦੇ ਸ਼ਹੀਦਾਂ ਬਾਰੇ ਲਿਖੇ ਨਾਵਲਾਂ ਦੀ ਸ਼ਿਪਮਿੰਟ
ਪਹੁੰਚ ਗਈ ਹੈ।

ਫੋਨ ਕਰੋ: 324-6111

ਪਹਿਲੀ ਵਾਰ ਘਰ ਲੈਣ ਵਾਲਿਆਂ ਨੂੰ

ਖੁਸ਼ਖਬਰੀ

ਹੁਣ ਤੁਹਾਨੂੰ 3000 ਡਾਲਰ ਤੇ 2500 ਡਾਲਰ ਦੀ ਗਰਾਂਟ ਮਿਲਦੀ ਹੈ

For all your real estate
needs
Contact

PAUL ATWAL
OFF. 876—8841
RES. 946—4216
DOGWOOD REALTY
3377, FRASER ST.

ਪੰਜਾਬੀ ਮਾਰਕਿਟ ਵਿਚ

ਮੋਤੀ ਮਹਿਲ ਵਧੀਆ ਥਾਂ ਹੈ

* ਸਭ ਤੋਂ ਵੱਧ ਸਜਿਆ
* ਖੂਬਸੂਰਤ ਵਾਤਾਵਰਣ
* ਲਾਈਸੈਂਸ -ਸ਼ੁਦਾ ਤੇ ਏਅਰ ਕੰਡੀਸ਼ਡ
* ਪਾਰਟੀਆਂ ਤੇ ਸਮਾਗਮਾਂ ਲਈ ਵਧੀਆ ਖਾਣੇ ਦਾ ਪ੍ਰਬੰਧ

6450, MAIN St. VANCOUVER

PHONE 321-3223

MOTI MAHAL
RESTAURANT

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ ਦੂਜੀ **ਕੇਸਰ ਸਿੰਘ**

ਕਾਂਡ 4

"ਤੁਸੀਂ ਮੇਰੇ ਪਤੀ ਹੋ! ਮੇਰੇ ਪਰਮੇਸ਼ਰ ਹੋ। ਮੇਰੇ ਸਿਰ ਦੇ ਸਾਈਂ ਹੋ। ਤੁਸੀਂ ਮੇਰਾ ਸਭ ਕੁਝ ਹੋ। ਤੁਸੀਂ ਆਪ ਹੀ ਦੱਸੋ ਮੈਂ ਤੁਹਾਨੂੰ ਪਰਦੇਸਾਂ ਵਿਚ ਛੱਡਕੇ, ਕੱਲੀ ਕਾਰੀ ਕਿਵੇਂ ਪਿੰਡ ਜਾ ਵੜਾਂ। ਮੈਂ ਕੀ ਜਵਾਬ ਦਊਂ। ਨਾ ਸੁਹਰੀਂ ਜਾਣ ਜੋਗੀ ਨਾ ਪੇਕੇ। ਮੈਨੂੰ ਕੱਲੀ ਨੂੰ ਤਾਂ ਕਿਸੇ ਮੂੰਹ ਵੀ ਨਹੀਂ ਲਾਉਣਾ। ਕਹਿਣਗੇ ਤੁਹਾਨੂੰ ਕੱਲਿਆਂ ਕਾਰਿਆਂ ਛੱਡਕੇ ਪਿੰਡ ਆ ਵੜੀ ਆਂ। ਮੇਰੀ ਇਜ਼ਤ ਤੁਹਾਡੇ ਨਾਲ ਹੈ। ਮੈਂ ਜੀਊਂ ਤਾਂ ਤੁਹਾਡੇ ਨਾਲ, ਮਰੂੰ ਤਾਂ ਤੁਹਾਡੇ ਨਾਲ। ਮੈਂ ਨਹੀਂ ਜਾਣਾ ਕੱਲੀ। ਨਾਲ ਲੈ ਕੇ ਜਾਊਂ। ਪਹਿਲਾਂ ਪਿੰਡ ਚੱਲੋ। ਫੇਰ ਉਥੋਂ ਜਿੱਥੇ ਮਨ ਚਾਹੇ ਚਲੇ ਜਾਇਓ। ਮੈਂ ਤੁਹਾਨੂੰ ਕਿਸੇ ਕੰਮ ਤੋਂ ਨਹੀਂ ਹੋੜਦੀ।" ਕਰਤਾਰ ਕੌਰ ਆਪ-ਮੁਹਾਰੀ ਬੋਲ ਰਹੀ ਸੀ। ਉਸ ਦਾ ਮਨ ਭਰਿਆ ਹੋਇਆ ਸੀ। ਉਹ ਰੋਣਹਾਕੀ ਹੋਈ ਹੋਈ ਸੀ। ਜਾਪਦਾ ਸੀ ਕਿ ਹੁਣੇ ਫਿਸ ਪਈ ਕਿ ਫਿਸ ਪਈ। ਉਹ ਭਾਈ ਸਾਹਿਬ ਦੇ ਚਿਹਰੇ ਉੱਤੇ ਨਜ਼ਰ ਟਿਕਾਈ ਬੈਠੀ ਸੀ। ਉਨ੍ਹਾਂ ਵਲੋਂ ਉੱਤਰ ਦੀ ਉਡੀਕ ਕਰ ਰਹੀ ਸੀ। ਭਾਈ ਸਾਹਿਬ ਦੇ ਬੁਲ੍ਹ ਫੁਰਕ ਰਹੇ ਸਨ। ਉਸ ਜਾਣਿਆ ਕਿ ਉਹ ਕੁਝ ਕਹਿਣ ਲੱਗੇ ਹਨ ਪਰ ਭਾਈ ਸਾਹਿਬ ਦੇ ਬੁਲ੍ਹ ਫੁਰਕਦੇ ਰਹੇ ਪਰ ਮੂਹੋਂ ਕੁਝ ਨਾ ਬੋਲੇ। ਕਰਤਾਰ ਕੌਰ ਅਧੀਰਜ ਹੋ ਰਹੀ ਸੀ। ਕੋਈ ਜਵਾਬ ਨਾ ਮਿਲਦਾ ਜਾਣ ਕੇ ਉਹ ਫਿਰ ਬੋਲ ਪਈ — "ਮੈਨੂੰ ਪਤਾ ਤੁਹਾਡੇ ਦਿਲ ਵਿਚ ਕੀ ਕੀ ਉਬਾਲ ਉਠ ਰਹੇ ਹਨ। ਮੈਨੂੰ ਪਤੈ ਤੁਸੀਂ ਅਸਮਾਨੀ ਪੀਂਘਾਂ ਦੇ ਹੁਲਾਰੇ ਲੈ ਰਹੇ ਹੋ। ਤੁਸੀਂ ਬੱਦਲਾਂ ਨਾਲ ਗੱਲਾਂ ਕਰ ਰਹੇ ਹੋ। ਤੁਸੀਂ ਵਰ੍ਹਣ ਨੂੰ ਫਿਰਦੇ ਹੋ। ਗੁਲਾਮ ਧਰਤੀ ਨੂੰ ਆਪਣੇ ਲਹੂ ਨਾਲ ਸਿੰਜ ਕੇ ਅਜ਼ਾਦ ਕਰਨਾ ਲੋੜਦੇ ਹੋ। ਮੈਂ ਸਭ ਕੁਝ ਸਮਝਦੀ ਹਾਂ। ਸਤਿਗੁਰ ਸੱਚਾ ਪਾਤਸ਼ਾਹ ਦਸ਼ਮੇਸ਼ ਪਿਤਾ ਤੁਹਾਨੂੰ ਚੜ੍ਹਦੀਆਂ ਕਲਾ ਦੇਵੇ। ਤੁਸੀਂ ਖੁਲ੍ਹ ਕੇ ਖੇਡੋ ਪਰ ਇਕ ਵਾਰੀ ਮੈਂ ਤੁਹਾਨੂੰ ਪਿੰਡ ਲੈ ਕੇ ਜਾਊਂ। ਉਥੋਂ ਤੁਸੀਂ ਜਿਧਰ ਮਨ ਕਰੇ, ਜਾਇਓ। ਬੇਸ਼ਕ ਇਕ ਘੜੀ ਵੀ ਨਾ ਅਟਕਿਓ। ਮੈਂ ਨਾ ਰੋਕੂੰ ਤੁਹਾਨੂੰ। ਆਪ ਅਰਦਾਸਾ ਸੋਧ ਕੇ ਤੋਰੂੰ। ਬਸ ਮੇਰੀ ਇਕੋ ਜੋਦੜੀ ਹੈ।" ਉਸ ਨੇ ਭੁੰਜੇ ਹੀ ਸੁਤੇ ਬੱਚਿਆਂ ਵੱਲ ਇਸ਼ਾਰਾ ਕਰਕੇ ਭਰੀ ਹੋਈ ਆਵਾਜ਼ ਵਿਚ ਕਿਹਾ "ਮੈਂ ਇਹਨਾਂ ਬੋਟਾਂ ਨੂੰ ਇਕੱਲੀ ਕਿਵੇਂ ਲੈ ਕੇ ਜਾਊਂ!"

ਭਾਈ ਸਾਹਿਬ ਨੇ ਨੀਵੀਂ ਪਾਈ ਰੱਖਦਿਆਂ ਪੋਲੀ ਜਿਹੀ ਆਵਾਜ਼ ਵਿਚ ਉਤਰ ਦਿਤਾ —"ਮੈਂ ਤਾਂ ਉੱਤਮ ਸਿੰਘ ਨੂੰ ਨਾਲ ਲਿਆਉਣਾ ਚਾਹੁੰਦਾ ਸਾਂ। ਤੁਸੀਂ ਦੋਵੇਂ ਭੈਣ ਭਰਾ ਮੇਰੀ ਗੱਲ ਨਾ ਮੰਨੇ।" "ਮੈਂ ਮੰਨਦੀ ਕਿਵੇਂ। ਉਹਦਾ ਜ਼ਖਮ ਤਾਂ ਅਜੇ ਵੀ ਅੱਲਾ ਪਿਆ ਹੈ। ਕਈ ਦਿਨ ਹਸਪਤਾਲ ਵਿਚ ਪਿਆ ਰਿਹੈ। ਅਜੇ ਤੱਕ ਡਾਕਦਾਰਾਂ ਉਹਦੀ ਪਿੱਠ ਵਿਚ ਲਗੀ ਗੋਲੀ ਵੀ ਨਹੀਂ ਕੱਢੀ। ਪਤਾ ਨਹੀਂ ਕੱਢਣਗੇ ਵੀ ਕਿ ਨਹੀਂ। ਪਤਾ ਨਹੀਂ ਕੀ ਬਣੂੰ। ਦਲੀਪ ਸਿਹੁੰ ਫਾਹਲੇ ਦੇ ਸੱਜੇ ਪੱਟ ਦੇ ਪਿਛਲੇ ਪਾਸੇ ਗੋਲੀ ਲੱਗੀ ਸੀ। ਉਹ ਡਾਕਦਾਰਾਂ ਝੱਟ ਕੱਢ ਦਿਤੀ। ਮੇਰੇ ਬੀਰ ਉੱਤਮ ਸਿਹੁੰ ਦੀ ਵਿੱਚੇ ਰਹਿਣ ਦਿਤੀ। ਪਤਾ ਨਹੀਂ ਕੀ ਬਣੂੰ। ਉਹ ਇਸੇ ਚਿੰਤਾ ਵਿਚ ਝੁਰਦਾ ਰਹਿੰਦੈ। ਤੁਸੀਂ ਤਾਂ ਮਨ ਪੱਕਾ ਕਰ ਲਿਐ। ਤੁਸੀਂ ਪਏ ਗ਼ਦਰ ਮਚੌਣ ਨੂੰ ਪਰ ਹਾਰੀ ਸਾਰੀ ਥੋੜਾ ਹੀ ਤੁਰ ਸਕਦੈ।"

"ਭਾਈ ਕਰਤਾਰ ਸਿੰਘ ਹੋਰੀਂ ਸਾਡੇ ਨਾਲ ਹਨ। ਉਹ ਤੁਹਾਨੂੰ ਪਿੰਡ ਛੱਡਕੇ ਫੇਰ ਆਪਣੇ ਪਿੰਡ ਜਾਣਗੇ।"

"ਇਹਦੇ ਨਾਲੋਂ ਤਾਂ ਚੰਗਾ ਸੀ ਮੈਂ ਸਿਹੁੰ ਨੂੰ ਨਾਲ ਲੈ ਔਂਦੀ।"

"ਮੈਂ ਵੀ ਤਾਂ ਇਹੋ ਸਲਾਹ ਦਿੱਤੀ ਸੀ। ਮੈਨੂੰ ਤਾਂ ਕਰਤਾਰ ਸਿੰਘ ਤੇ ਉੱਤਮ ਸਿੰਘ ਵਿਚ ਕੋਈ ਫਰਕ ਨਹੀਂ ਦਿਸਦਾ। ਤੁਹਾਨੂੰ ਪਤਾ ਹੀ ਹੈ ਕਿ ਕਰਤਾਰ ਸਿੰਘ ਦੀ ਆਤਮਾ ਤੇ ਮੇਰੀ ਆਤਮਾ ਘੁਲਮਿਲ ਕੇ ਇਕ ਹੋ ਚੁਕੀਆਂ ਹਨ।"

ਬੀਬੀ ਕਰਤਾਰ ਕੌਰ ਖੁਣਸ ਖਾ ਕੇ ਕਿਹਾ—"ਬਸ ਮੈਂ ਹੀ ਆਪਣੀ ਆਤਮਾ ਤੁਹਾਡੀ ਆਤਮਾ ਵਿਚ ਨਹੀਂ ਰਲਾ ਸਕੀ।"

"ਨਹੀਂ ਕਰਤਾਰ ਜੀ! ਇਹ ਗੱਲ ਨਹੀਂ। ਤੁਸੀਂ ਜੋ ਕੁਝ ਮੇਰੇ ਲਈ ਹੋ ਦੁਨੀਆਂ ਵਿਚ ਹੋਰ ਕੋਈ ਨਹੀਂ। ਤੁਸੀਂ ਮੇਰੇ ਬੱਚਿਆਂ ਨੂੰ ਜਨਮ ਦਿਤਾ ਹੈ। ਤੁਸੀਂ ਬੱਚਿਆਂ ਦੀ ਮਾਂ ਤਾਂ ਹੋ ਹੀ। ਮੈਂ ਤੁਹਾਨੂੰ ਹੁਣ ਬੱਚਿਆਂ ਦੇ ਪਿਤਾ ਦੇ ਅਧਿਕਾਰ ਵੀ ਸੌਂਪਦਾ ਹਾਂ। ਮਾਂ ਵੀ ਤੁਸੀਂ ਤੇ ਪਿਉ ਵੀ ਤੁਸੀਂ।"

"ਇਸਦਾ ਮਤਲਬ ਇਹ ਹੋਇਆ ਕਿ ਮੈਂ ਹੁਣ ਤੋਂ ਹੀ ...।" ਆਪਣੀ ਗੱਲ ਅਧੂਰੀ ਛੱਡਕੇ ਬੀਬੀ ਕਰਤਾਰ ਕੌਰ ਫਿਸ ਪਈ। ਦੋਵੇਂ ਭੁੰਜੇ ਬੈਠੇ ਸਨ। ਭਾਈ ਸਾਹਿਬ ਨੇ ਨੇੜੇ ਹੋ ਕੇ ਉਸ ਨੂੰ ਸੱਜੀ ਬਾਂਹ ਵਿਚ ਲਪੇਟਦਿਆਂ ਕਿਹਾ — "ਕਰਤਾਰ! ਕਰਤਾਰ! ਤੁਸੀਂ ਭੁਲ ਗਏ ਹੋ ਕਿ ਦਸਮ ਪਾਤਸ਼ਾਹ ਨੇ ਬਾਲ ਅਵਸਥਾ ਵਿਚ ਹੀ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਜ਼ੁਲਮ ਦਾ ਮੁਕਾਬਲਾ ਕਰਨ ਲਈ ਤੋਰ ਦਿਤਾ ਸੀ। ਮਾਤਾ ਗੁਜਰੀ ਜੀ ਨੇ ਵੀ ਰਜ਼ਾਮੰਦੀ ਨਾਲ ਤੋਰਿਆ ਸੀ।" ਭਾਈ ਸਾਹਿਬ ਆਪਣੀ ਗੱਲ ਕਰ ਰਹੇ ਸਨ ਪਰ ਬੀਬੀ ਕਰਤਾਰ ਕੌਰ ਦੀ ਹਿਚਕੀ ਬੱਝੀ ਹੋਈ ਸੀ। ਹੰਝੂ ਲਗਾਤਾਰ ਵਹਿ ਰਹੇ ਸਨ। ਭਾਈ ਸਾਹਿਬ ਦਿਲਾਸਾ ਦੇ ਰਹੇ ਸਨ। "ਕਰਤਾਰ! ਤੁਹਾਡੇ ਪਾਸ ਹਰਦਿਆਲ ਸਿੰਘ ਹੈ। ਊਧਮ ਕੌਰ ਹੈ। ਨਿਰੰਜਨ ਕੌਰ ਹੈ। ਬੱਚੀਆਂ ਸਿਆਣੀਆਂ ਹੋ ਰਹੀਆਂ ਹਨ। ਮੇਰੇ ਹਰਦਿਆਲ ਦਾ ਖਾਸ ਖਿਆਲ ਰਖਣਾ। ਆਪਣੀ ਪਵਿੱਤਰ ਆਤਮਾ ਦੀ ਸਾਰੀ ਰੌਸ਼ਨੀ ਆਪਣਾ ਸਾਰਾ ਆਤਮਕ ਬਲ ਹਰਦਿਆਲ ਸਿੰਘ ਦੇ ਹਵਾਲੇ ਕਰ ਦੇਣਾ। ਉਸਨੂੰ ਗੁਰੂ ਦੁਲਾਰਾ ਬਣਾਉਣਾ। ਉਸਨੂੰ ਇਹ ਵੀ ਦੱਸਣਾ ਕਿ ਉਸਦਾ ਜਨਮ-ਘਰ ਵੈਨਕੂਵਰ ਦਾ ਗੁਰਦੁਆਰਾ ਹੈ ਜਿਥੇ ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਨੇ ਸ਼ਹੀਦੀ ਪਰਾਪਤ ਕੀਤੀ ਸੀ ਤੇ ਹੋਰ ਕਈ ਜੋਧੇ ਜ਼ਖਮੀ ਹੋਏ ਸਨ। ਜੇ ਲੋੜ ਪਵੇ ਤਾਂ ਆਪਣੇ ਜਿਗਰ ਦੇ ਟੁਕੜੇ ਨੂੰ ਵੀ ਸ਼ਹਾਦਤ ਲਈ ਤਿਆਰ ਕਰ ਦੇਣਾ ਪਰ ਫਰੰਗੀ ਅੱਗੇ ਨਹੀਂ ਝੁਕਣਾ। ਜਦ ਤਕ ਦੇਸ ਅਜ਼ਾਦ ਨਹੀਂ ਹੋਂਦਾ ਤਦ ਤਕ ..." ਕਹਿੰਦਿਆਂ ਭਾਈ ਸਾਹਿਬ ਦੀ ਆਪਣਾ ਗਲਾ ਭਰ ਆਇਆ। ਬੀਬੀ ਕਰਤਾਰ ਕੌਰ ਨੇ ਆਪਣਾ ਮਨ ਖੜਾ ਕਰ ਲਿਆ ਸੀ। ਦੁਨੀਆਂ ਭਰ ਦੀ ਗੰਭੀਰਤਾ ਉਸਦੇ ਚਿਹਰੇ ਉੱਤੇ ਭਖ ਉਠੀ ਸੀ। ਉਸ ਨੇ ਆਪਣੇ ਅੰਤਲੇ ਹੰਝੂ ਦੁਪੱਟੇ ਦੀ ਨੁਕਰ ਨਾਲ ਪੂੰਝੇ ਤੇ ਆਪਣਾ ਗਲਾ ਸਾਫ ਕਰਨ ਲਈ ਖੰਘੂਰਾ ਮਾਰਿਆ। ਭਾਈ ਸਾਹਿਬ ਨੇ ਬੀਬੀ ਨੂੰ ਹੌਂਸਲੇ ਵਿਚ ਆਉਂਦਿਆਂ ਵੇਖਕੇ ਕਿਹਾ—"ਕਰਤਾਰ ਜੀ! ਤੁਹਾਨੂੰ ਉਹ ਸ਼ਬਦ ਸੁਣਾਵਾਂ ਜਿਸਦੇ ਅਧਾਰ ਉੱਤੇ ਹਰਦਿਆਲ ਸਿੰਘ ਦਾ ਨਾਮ [illegible]ਆ ਸੀ। ਬੀਬੀ ਵਲੋਂ ਕੋਈ ਉੱਤਰ ਨਾ ਮਿਲਦਾ ਵੇਖਕੇ ਭਾਈ ਸਾਹਿਬ ਨੇ ਕਿਹਾ—"ਕਾਕੇ ਦਾ ਨਾਮ ਰੱਖਣ ਲਈ ਮਹਾਰਾਜ ਦਾ ਵਾਕ ਆਇਆ ਸੀ" ਤੇ ਨਾਲ ਹੀ ਉਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿਤਾ। ਅਜੇ ਪਹਿਲੀ ਤੁਕ ਹੀ ਪੜ੍ਹੀ ਸੀ ਕਿ ਬੀਬੀ ਸੰਭਲ ਕੇ ਚੌਂਕੜੀ ਮਾਰ ਕੇ ਬੈਠ ਗਈ। ਭਾਈ ਸਾਹਿਬ ਨੇ ਇਕ ਨਜ਼ਰ ਉਸਦੇ ਚਿਹਰੇ ਵੱਲ ਸੁਟਕੇ ਸ਼ਬਦ ਮੁੱਢ ਤੋਂ ਪੜ੍ਹਨਾਂ ਸ਼ੁਰੂ ਕਰ ਦਿਤਾ—"ਸਲੋਕ ਮਹਲਾ੩॥ ਹਸਤੀ ਸਿਰਿ ਜਿਉ ਅੰਕਸ ਹੈ ਅਹਿਰਣ ਜਿਉ ਸਿਰੁ ਦੇਇ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥ ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸ਼ਟਿ ਕਾ ਲੇਇ ॥ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥੧॥ ਮਹਲਾ ੩॥ ਜਿਨ ਗੁਰਮੁਖਿ ਨਾਮ ਧਿਆਇਆ ਆਏ ਤੇ ਪਰਵਾਣ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ॥੩॥ ਪਉੜੀ॥ ਗੁਰਮੁਖਿ ਸਖੀਆਂ ਸਿਖ ਗੁਰੂ ਮੇਲਾਈਆ॥ ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥ ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ॥ ਗੁਰਸਿਖ ਇਕੋ ਪਿਆਰ ਗੁਰ ਮਿਤਾ ਪੁਤਾ ਭਾਈਆ॥ ਗੁਰ ਸਤਿਗੁਰ ਬੋਲਹੁ ਸਭਿ ਗੁਰੂ ਆਖਿ ਗੁਰੂ ਜੀਵਾਈਆ॥੧੪॥" ਜਦ ਭਾਈ ਸਾਹਿਬ ਨੇ ਸ਼ਬਦ ਦਾ ਭੋਗ ਪਾ ਕੇ ਬੀਬੀ ਵੱਲ ਤੱਕਿਆ ਤਾਂ ਉਹ ਚੌਂਕੜੀ ਮਾਰ ਕੇ ਅੱਖਾਂ ਮੁੰਦ ਕੇ ਬੈਠੀ ਸੀ। ਉਸਦਾ ਚਿਹਰਾ ਅੱਗ ਵਾਂਗੂੰ ਭਖ ਰਿਹਾ ਸੀ। ਭਾਈ ਸਾਹਿਬ ਨੇ ਇੱਕ ਭਰਪੂਰ ਨਜ਼ਰ ਉਸਦੇ ਚਿਹਰੇ ਉੱਤੇ ਸੁਟੀ ਤੇ ਮੁਸਕਰਾ ਪਏ। ਉਨ੍ਹਾਂ ਦੋਵੇਂ ਹੱਥ ਅਕਾਸ਼ ਵੱਲ ਕਰਕੇ ਮੂੰਹ ਵਿਚ ਹੀ ਕੁੱਝ ਕਿਹਾ। ਹਰਿਦਿਆਲ ਸਿੰਘ ਦੇ ਖੰਘਣ ਦੀ ਆਵਾਜ਼ ਸੁਣ ਕੇ ਬੀਬੀ ਉਸਦੇ ਕੋਲ ਜਾਕੇ ਉਸਦੀ ਪਿਠ ਮਲਣ ਲੱਗ ਪਈ। ਬਾਹਰੋਂ ਕਿਸੇ ਨੇ ਕੁੰਡਾ ਖੜਕਾਇਆ। ਕਰਤਾਰ ਸਿੰਘ ਨਵਾਂ ਚੰਦ ਨੂੰ ਬਾਹਰ ਖਲੋਤਾ ਵੇਖ ਕੇ ਭਾਈ ਸਾਹਿਬ ਕਮਰੇ ਵਿੱਚੋਂ ਬਾਹਰ ਹੋ ਖਲੋਤੇ। ਕਰਤਾਰ ਸਿੰਘ ਨੇ ਕਿਹਾ—"ਭਾਈ ਸਾਹਿਬ! ਏਥੇ ਕੁਝ ਸੱਜਣਾਂ ਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਗੁਰਦੁਆਰੇ ਟਿਕੇ ਹੋਏ ਹੋ।" ਭਾਈ ਸਾਹਿਬ ਨੇ ਜ਼ਰਾ ਗੰਭੀਰ ਨਜ਼ਰ ਨਾਲ ਕਰਤਾਰ ਸਿੰਘ ਵੱਲ ਤੱਕਿਆ। "ਠਾਕਰ ਸਿਹੁੰ ਤੋਂ ਹੀ ਗੱਲ ਨਿਕਲ ਗਈ ਹੋਣੀ ਐ। ਉਹਦੇ ਨਾਲ ਪੰਜ ਹੋਰ ਸੱਜਣ ਬਾਹਰ ਖਲੋਤੇ ਤੁਹਾਡੇ ਦਰਸ਼ਨਾਂ ਦੀ ਉਡੀਕ ਕਰ ਰਹੇ ਐ।"

"ਅਸੀਂ ਤਾਂ ਚੁਪ ਚੁਪਾਤੇ ਹੀ ਅੱਗੇ ਤੁਰ ਜਾਣਾ ਚਾਹੁੰਦੇ ਸਾਂ। ਤੁਹਾਨੂੰ ਪਤਾ ਹੀ ਹੈ ਕਿ ਹਾਂਗਕਾਂਗ ਦੀ ਪੁਲਸ ਬਹੁਤ ਹੀ ਮਾੜੀ ਹੈ।" ਉਹ ਗੱਲ ਕਰ ਰਹੇ ਸਨ ਕਿ ਠਾਕਰ ਸਿੰਘ ਤੇ ਉਸ ਦੇ ਨਾਲ ਦੇ ਪੰਜ ਬੰਦੇ ਉਥੇ ਆ ਪਹੁੰਚੇ। ਉਨ੍ਹਾਂ ਫਤਹ ਬੁਲਾਈ। ਇਕ ਸੱਜਣ ਨੇ ਕਿਹਾ — "ਭਾਈ ਸਾਹਿਬ ਅਸੀਂ ਤੁਹਾਨੂੰ ਗੁਰਦੁਆਰੇ ਨਹੀਂ ਰਹਿਣ ਦੇਣਾ। ਏਥੇ ਖੁਫੀਏ, ਹਲਕਾਏ ਕੁਤਿਆਂ ਵਾਂਗੂੰ ਫਿਰਦੇ ਰਹਿੰਦੇ ਐ। ਆਪਣੇ ਤੇ ਬਿਗਾਨੇ ਦਾ ਕੋਈ ਪਤਾ ਨਹੀਂ ਚਲਦਾ। ਸਾਡਾ ਘਰ ਲਾਗੇ ਹੀ ਹੈ। ਤੁਹਾਡਾ ਸਮਾਨ ਤੇ ਬੱਚਿਆਂ ਨੂੰ ਮੋਢੇ ਲਾ ਲੈਂਦੇ ਹਾਂ। ਆਹ ਬਿਲਕੁਲ ਨਾਲ ਹੀ ਐ। ਪੰਜ ਮਿੰਟ ਵੀ ਨਹੀਂ ਲੱਗਣੇ।"

"ਬੱਚੇ ਤਾਂ ਸੌਂ ਰਹੇ ਹਨ। ਕੱਲ ਤੜਕੇ ਹੀ ਨਿਕਲ ਚਲਾਂਗੇ।"

"ਚੰਗਾ ਏਦਾਂ ਹੀ ਸਹੀ। ਅਸੀਂ ਅੰਮ੍ਰਿਤ ਵੇਲੇ ਆਜਾਂਗੇ। ਬੱਚਿਆਂ ਨੂੰ ਸੌਣ ਦਿਉ। ਸਾਡੇ ਘਰੇ ਪੰਦਰਾਂ ਵੀਹਾਂ ਬੰਦਿਆਂ ਦੀ ਸੰਗਤ ਜੁੜੀ ਬੈਠੀ ਐ। ਉਹ ਤੁਹਾਡੇ ਦਰਸ਼ਨ ਕਰਨ ਲਈ ਕਾਹਲੇ ਪੈ ਰਹੇ ਐ।" ਉਸ ਸੱਜਣ ਦੀ ਗੱਲ ਸੁਣਕੇ ਭਾਈ ਸਾਹਿਬ ਨੇ ਕਰਤਾਰ ਸਿੰਘ ਵੱਲ ਤੱਕਿਆ। ਕਰਤਾਰ ਸਿੰਘ ਨੇ ਕਿਹਾ—"ਤੁਸੀਂ ਜਾਓ। ਮੈਂ ਏਥੇ ਰਹਿੰਦਾ।"

ਭਾਈ ਸਾਹਿਬ ਨੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਤ ਮਾਰੀ ਤੇ ਕਿਹਾ — "ਕਰਤਾਰ ਕੌਰ ਹੋਰੀਂ ਹਰਿਦਿਆਲ ਸਿੰਘ ਨੂੰ ਸੁਆਉਣ ਦਾ ਜਤਨ ਕਰ ਰਹੇ ਹਨ। ਤੁਸੀਂ ਉਨ੍ਹਾਂ ਨੂੰ ਦੱਸ ਦੇਣਾ। ਮੈਂ ਛੇਤੀ ਮੁੜ ਆਵਾਂਗਾ।"

ਕਾਂਡ 5

ਭਾਈ ਬਲਵੰਤ ਸਿੰਘ ਨੂੰ ਬਹੁਤੇ ਸਿੰਘ ਜਾਣਦੇ ਪਛਾਣਦੇ ਸਨ ਪਰ ਫਿਰ ਵੀ ਉਜਾਗਰ ਸਿੰਘ ਨੇ ਉਠ ਖਲੋਤੇ ਸਿੰਘਾਂ ਵੱਲ ਮੁਖਾਤਬ ਹੋਕੇ ਕਿਹਾ—"ਸਾਡੇ ਧੰਨ ਭਾਗ ਹਨ ਜੋ ਭਾਈ ਸਾਹਿਬ ਨੇ ਸਾਡੇ ਚਰਨ ਪਾਏ ਹਨ।" ਭਾਈ ਸਾਹਿਬ ਨੇ ਵਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਹ ਸਜਾਈ, ਸਭ ਸਿੰਘਾਂ ਨੇ ਫਤਹ ਦਾ ਉੱਤਰ ਫਤਹ ਵਿਚ ਦਿਤਾ। ਭਾਈ ਸਾਹਿਬ ਨੇ ਕੁਰਸੀ ਉੱਤੇ ਬਹਿੰਦਿਆਂ ਹੀ ਖਿਆਲ ਕੀਤਾ ਕਿ ਕੁਰਸੀਆਂ ਥੋੜੀਆਂ ਤੇ ਬੰਦੇ ਬਹੁਤੇ ਹਨ। ਕੁਰਸੀ ਪਿੱਛੇ ਕਰਕੇ ਭੁੰਜੇ ਹੀ ਦਰੀ ਉੱਤੇ ਬਹਿ ਗਏ। ਉਜਾਗਰ ਸਿੰਘ ਨੇ ਕੁਰਸੀਆਂ ਚੁਕਵਾ ਦਿੱਤੀਆਂ ਤਾਕਿ ਸਭ ਸਿੰਘ ਨਿੱਠ ਕੇ ਬਹਿ ਸਕਣ।

ਇਕ ਸਿੰਘ ਨੇ ਭਾਈ ਸਾਹਿਬ ਦੇ ਨੇੜੇ ਢੁਕਦਿਆਂ ਉਨ੍ਹਾਂ ਦੇ ਸੱਜੇ ਗੋਡੇ ਉੱਤੇ ਹੱਥ ਰੱਖਦਿਆਂ ਪੁੱਛਿਆ—"ਭਾਈ ਸਾਹਿਬ! ਪਛਾਣਿਆ ਜੇ ਮੈਨੂੰ?" ਭਾਈ ਸਾਹਿਬ ਨੇ ਉਸਨੂੰ ਘੁਟਕੇ ਜਫੀ ਪਾਂਦਿਆ ਉੱਤਰ ਦਿੱਤਾ—"ਪਛਾਣਿਆ ਕਿਉਂ ਨਹੀਂ। ਜਦੋਂ ਭਾਈ ਭਾਗ ਸਿੰਘ ਹੋਰੀਂ ਤੇ ਅਸੀਂ ਆਪਣੇ ਪਰਵਾਰ ਸਾਨਫਰਾਂਸਿਸਕੋ ਤੋਂ ਲੈ ਕੇ ਮੁੜ ਆਏ ਸਾਂ ਅਮਰੀਕਨਾਂ ਨੇ ਉਤਰਨ ਨਹੀਂ ਸੀ ਦਿੱਤਾ ਤਾਂ ਤੁਸੀਂ ਹੀ ਸਭ ਤੋਂ ਪਹਿਲੋਂ ਹਾਰਬਰ ਬੋਰਡ ਉੱਤੇ ਮਿਲੇ ਸੀ। ਅਸੀਂ ਤੁਹਾਡੇ ਹੀ ਟਿਕੇ ਸਾਂ ਮੁੜ ਕੈਨੇਡਾ ਨੂੰ ਜਾਣ ਤੱਕ। ਜੇ ਮੈਂ ਭੁੱਲਦਾ ਨਹੀਂ ਤਾਂ ਤੁਹਾਡਾ ਸ਼ੁਭ ਨਾਮ ਲਾਭ ਸਿੰਘ ਹੈ ਤੇ ਤੁਹਾਡਾ ਪਿੰਡ ਹੈ ਵਲਟੋਹਾ। ਸਰਦਾਰ ਭਗਤ ਸਿੰਘ ਸੁਰ ਸਿੰਘੀਏ ਨਹੀਂ ਆਏ?" ਕਹਿ ਕੇ ਭਾਈ ਸਾਹਿਬ ਨੇ ਅੱਗੇ ਪਿੱਛੇ ਨਜ਼ਰ ਮਾਰੀ। ਭਗਤ ਸਿੰਘ ਕੰਧ ਨਾਲ ਢੋਹ ਲਾਕੇ ਬੈਠਾ ਸੀ। ਉਸਨੇ ਗੋਡਿਆਂ ਉੱਤੇ ਹੱਥ ਰੱਖਕੇ ਉਠਦਿਆਂ ਕਿਹਾ —"ਭਾਈ ਸਾਹਿਬ! ਦਾਸ ਹਾਜ਼ਰ ਐ।" ਭਾਈ ਸਾਹਬ ਨੇ ਉਠਕੇ ਉਸਨੂੰ ਜੱਫੀ ਜਾ ਪਾਈ।

ਘਰ ਦੇ ਅੰਦਰੋਂ ਇਕ ਸੱਜਣ ਚਾਹ ਦੀ ਬਾਲਟੀ ਭਰ ਕੇ ਲੈ ਆਏ। ਇਕ ਹੋਰ ਨੇ ਮੱਘ ਲਿਆ ਰੱਖੇ। ਉਜਾਗਰ ਸਿੰਘ ਦੀ ਪਤਨੀ ਨੇ ਅੰਦਰੋਂ ਵਾਜ ਮਾਰ ਕੇ ਕਿਹਾ—"ਜੀ! ਮੱਠੀਆਂ ਦਾ ਥਾਲ ਵੀ ਲੈ ਜਾਓ।" ਚਾਹ ਨਾਲ ਭਰਿਆ ਮੱਘ ਭਾਈ ਸਾਹਿਬ ਨੇ ਇੱਕ ਦੋ ਘੁੱਟ ਭਰਦਿਆਂ ਸਭ ਵੱਲ ਨਜ਼ਰ ਦੁੜਾਂਦਿਆਂ ਕਿਹਾ—"ਸਭ ਚਿਹਰੇ ਜਾਣੇ ਪਛਾਣੇ ਲਗਦੇ ਹਨ। ਸਾਡੇ ਸ਼ੁਭ [illegible] ਹਨ ਕਿ ਸੰਗਤਾਂ ਦੇ ਦਰਸ਼ਨ ਹੋ ਰਹੇ ਹਨ। ਸਾਡਾ ਖਿਆਲ ਹਾਂਗਕਾਂਗ ਤੋਂ ਚੁਪ ਚਾਪ ਹੀ ਲੰਘ ਜਾਣ ਦਾ ਸੀ ਪਰ ਭਾਈ ਠਾਕਰ ਸਿੰਘ ਹੋਰਾਂ ਦੀ ਕ੍ਰਿਪਾ ਨਾਲ ਸੰਗਤਾਂ ਦੇ ਦਰਸ਼ਨ ਹੋ ਰਹੇ ਹਨ।"

ਉਜਾਗਰ ਸਿੰਘ ਨੇ ਮੱਠੀਆਂ ਨਾਲ ਭਰਿਆ ਥਾਲ ਭਾਈ ਸਾਹਿਬ ਦੇ ਅੱਗੇ ਰੱਖਦਿਆਂ ਕਿਹਾ—"ਭਾਈ ਸਾਹਿਬ! ਤੁਹਾਡੇ ਪਾਸੋਂ ਕੈਨੇਡਾ ਤੇ ਅਮਰੀਕਾ ਦੀਆਂ ਸਭ ਸੰਗਤਾਂ ਦੇ ਹਾਲ ਸੁਣਨ ਨੂੰ ਮਨ ਕਰਦੈ ਪਰ....।"

"ਪੁੱਛੋ ਜੋ ਤੁਸੀਂ ਪੁੱਛਣਾ ਹੈ ਮੈਂ ਤੁੱਛ ਬੁੱਧੀ ਅਨੁਸਾਰ ਸਭ ਕੁਝ ਦਸਣ ਦਾ ਜਤਨ ਕਰਾਂਗਾ।"

ਲਾਭ ਸਿੰਘ ਨੇ ਗੱਲ ਤੋਰਦਿਆਂ ਕਿਹਾ—"ਬੀਬੀ ਹਰਨਾਮ ਕੌਰ ਜੀ ਦੇ ਅਕਾਲ ਚਲਾਣੇ ਤੇ ਭਾਈ ਭਾਗ ਸਿੰਘ ਜੀ ਦੀ ਸ਼ਹੀਦੀ ਦੇ ਹਾਲਾਤ ਪਤਾ ਲੱਗ ਗਏ ਸਨ। ਇਹ ਵੀ ਪਤਾ ਲਗੈ ਕਿ ਕਾਤਲ ਬੇਲਾ ਬਰੀ ਹੋ ਗਿਐ ਪਰ ਇਸ ਗੱਲ ਦੀ ਸਮਝ ਨਹੀਂ ਪਈ ਕਿ ਦੋਹਾਂ ਬੀਬੀਆਂ ਨੂੰ ਇਮੀਗਰੇਸ਼ਨ ਨੇ ਬੰਦ ਕਿਉਂ ਕਰ ਦਿੱਤਾ ਸੀ?"

"ਗੁਰੂ ਪਿਆਰਿਓ! ਇਹ ਗੱਲ ਬੜੀ ਲੰਮੀ ਹੈ। ਸੰਖੇਪ ਕਰਕੇ ਦਸਦਾਂ। ਤੁਸੀਂ "ਗ਼ਦਰ ਗੂੰਜਾਂ" ਵਿਚ ਪੜ੍ਹਿਆ ਹੀ ਹੋਣਾ ਹੈ ਕਿ "ਦੇਸ ਪੈਣ ਧੱਕੇ ਬਾਹਰ ਮਿਲੇ ਢੋਈ ਨਾ! ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।" ਇਹ ਤੁਕ ਸੁਣਦਿਆਂ ਹੀ ਕਈ ਸਰੋਤਿਆਂ ਦੇ ਰੋਮ ਖੜੇ ਹੋ ਗਏ। ਜਿਹੜੇ ਸਿੰਘ ਜ਼ਰਾ ਦੂਰ ਬੈਠੇ ਸਨ, ਉਹ ਗੋਡਿਆਂ ਪਰਨੇ ਹੋ ਗਏ। ਭਾਈ ਸਾਹਿਬ ਕਹਿ ਰਹੇ ਸਨ— "ਸਾਡੀਆਂ ਸਾਰੀਆਂ ਔਕੜਾਂ ਤੇ ਦੁੱਖਾਂ ਦਾ ਮੁੱਢ ਸਾਡੀ ਗੁਲਾਮੀ ਹੈ। ਜਦ ਤੱਕ ਗ਼ੁਲਾਮੀ ਦਾ ਤੌਕ ਸਾਡੇ ਗਲੋਂ ਨਹੀਂ ਲਹਿੰਦਾ, ਸਾਡੇ ਦੁੱਖਾਂ ਦਾ ਅੰਤ ਨਹੀਂ ਹੋ ਸਕਦਾ। ਜਾਪਾਨ ਆਜ਼ਾਦ ਦੇਸ ਹੈ। ਜਾਪਾਨੀ ਆਪਣੀਆਂ ਔਰਤਾਂ ਤੇ ਬੱਚੇ ਨਾਲ ਲਿਜਾ ਸਕਦੇ ਹਨ ਪਰ ਸਾਡੀ ਗੁਲਾਮੀ ਦੇ ਕਾਰਨ ਅਸੀਂ ਆਪਣੇ ਪਰਵਾਰ ਨਹੀਂ ਲਿਜਾ ਸਕਦੇ। ਦਾਸ ਤੇ ਭਾਈ ਭਾਗ ਸਿੰਘ ਜੀ ਨੇ ਅਰਦਾਸਾ ਸੋਧਿਆ ਸੀ ਕਿ ਅਸੀਂ ਆਪਣੇ ਪਰਵਾਰ ਲੈ ਕੇ ਜ਼ਰੂਰ ਕੈਨੇਡਾ ਪਹੁੰਚਾਂਗੇ। ਸਾਥੋਂ ਪਹਿਲੋਂ ਭਾਈ ਹੀਰਾ ਸਿੰਘ ਹੋਰੀਂ ਪਰਵਾਰ ਲੈ ਕੇ ਗਏ ਸਨ। ਉਨ੍ਹਾਂ ਜ਼ਮਾਨਤ ਦੁਆ ਕੇ ਆਪਣੀ ਪਤਨੀ ਤੇ ਬੱਚਿਆਂ ਨੂੰ ਉਤਾਰ ਲਿਆ। ਜੇ ਕੈਨੇਡਾ ਸਰਕਾਰ ਸਾਡੇ ਟੱਬਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਦੀ ਤਾਂ ਹਾਰ ਜਾਣੀ ਸੀ। ਇਸ ਲਈ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ। ਅਸੀਂ ਦੋਵੇਂ ਸਾਰੀ ਕੌਮ ਦੇ ਪਰਵਾਰਾਂ ਲਈ ਰਾਹ ਖੋਲ੍ਹਣਾ ਚਾਹੁੰਦੇ ਸਾਂ। ਕੈਨੇਡਾ ਦੀ ਸਰਕਾਰ ਨੇ ਇਸ ਨੂੰ ਚੇਲੰਜ ਮੰਨ ਲਿਆ। ਨਾਲ ਹੀ ਇਹ ਪਰਚਾਰ ਸ਼ੁਰੂ ਕਰ ਦਿੱਤਾ ਕਿ ਜੇ ਇਹ ਦੋ ਪਰਵਾਰ ਉਤਰ ਗਏ ਤਾਂ ਸੈਂਕੜੇ ਲੋਕ ਆਪਣੇ ਪਰਵਾਰ ਲੈ ਆਉਣਗੇ। ਕੈਨੇਡੀਅਨ ਚਾਹੁੰਦੇ ਸਨ ਕਿ ਜੇ ਸਾਡੇ ਪਰਵਾਰ ਨਾ ਆ ਸਕਣਗੇ ਤਾਂ ਅਸੀਂ ਕੈਨੇਡਾ ਵਿੱਚ ਵਧ-ਫੁਲ ਨਹੀਂ ਸਕਾਂਗੇ ਤੇ ਕੈਨੇਡਾ ਪਹੁੰਚ ਚੁਕੇ ਸਾਰੇ ਸੱਜਣ ਇੱਕ ਇੱਕ ਕਰਕੇ ਬੁੱਢੇ ਹੋਕੇ ਮਰ ਖਪ ਜਾਵਾਂਗੇ ਤੇ ਸਾਡਾ ਕੈਨੇਡਾ ਵਿਚ ਨਾ ਨਿਸ਼ਾਨ ਵੀ ਨਹੀਂ ਰਹਿ ਜਾਏਗਾ।"

"ਲਾਹਨਤ ਹੈ ਅਜਿਹੀ ਸਰਕਾਰ ਨੂੰ।" ਇਕ ਸਿੰਘ ਅਚਾਨਕ ਬੋਲ ਪਿਆ।

"ਬੜਾ ਰੌਲਾ ਪਿਆ। ਸੰਗਤ ਨੇ ਬੀੜਾ ਚੁਕ ਲਿਆ। ਕੈਨੇਡੀਅਨ ਸਰਕਾਰ ਨੂੰ ਝੁਕਣਾ ਪਿਆ। ਅਸੀਂ ਜਮਾਨਤਾਂ ਦੇਕੇ ਪਰਵਾਰਾਂ ਨੂੰ ਇਮੀਗਰੇਸ਼ਨ ਜਿਹਲ ਵਿੱਚੋਂ ਕੱਢ ਲਿਆ। ਮੁੜ ਪੰਥ ਦੇ ਅਲਬੇਲੇ ਭਾਈ ਮੇਵਾ ਸਿੰਘ ਤੇ ਉਨ੍ਹਾਂ ਦੇ ਜਥੇ ਨੇ ਫੈਸਲਾ ਕਰ ਲਿਆ ਕਿ ਦਿਨ ਰਾਤ ਕਿਰਪਾਨ ਦਾ ਪਹਿਰਾ ਰਖਿਆ ਜਾਏ। ਸਾਡੇ ਚੁਗਲ ਹੀ ਸਰਕਾਰ ਨੂੰ ਇੱਕ ਇੱਕ ਮਿੰਟ ਦੀ ਖਬਰ ਦੇਂਦੇ ਸਨ। ਉਨ੍ਹਾਂ ਚੁਗਲੀਆਂ ਦਾ ਇਹ ਲਾਭ ਹੋਇਆ ਕਿ ਸਰਕਾਰ ਯਰਕ ਗਈ ਤੇ ਇਹ ਕਹਿ ਦਿੱਤਾ ਕਿ ਕੈਨੇਡਾ ਸਰਕਾਰ ਇਹਨਾਂ ਟੱਬਰਾਂ ਉੱਤੇ ਮਿਹਰਬਾਨੀ ਕਰਕੇ ਕੈਨੇਡਾ ਵਿਚ ਰਹਿਣ ਦੀ ਆਗਿਆ ਦੇਂਦੀ ਹੈ। ਇਹ ਵੀ ਕਹਿ ਦਿੱਤਾ ਕਿ ਟਬਰਾਂ ਨੂੰ ਉਤਰਨ ਦੇਣ ਦੀ ਲੀਹ ਨਹੀਂ ਪੈਣ ਦਿੱਤੀ ਜਾਏਗੀ।"

"ਮੈਂ ਤਾਂ ਸਮਝਦਾ ਹਾਂ ਕਿ ਪਰਦੇਸਾਂ ਵਿਚ ਮਿੱਟੀ ਛਾਣਨ ਦੀ ਥਾਂ ਦੇਸ ਵੱਲ ਮੁਹਾਰਾਂ ਮੋੜ ਲੈਣੀਆਂ ਚਾਹੀਦੀਆਂ ਹਨ। ਅਗੋਂ ਜੋ ਹੋਊ ਦੇਖੀ ਜਾਊ।" ਲਾਭ ਸਿੰਘ ਦੀ ਜੋਸ਼ ਭਰੀ ਗੱਲ ਸੁਣ ਕੇ ਲਗ ਭਗ ਸਭ ਨੇ ਕਿਹਾ — "ਬਿਲਕੁਲ ਠੀਕ, ਬਿਲਕੁਲ ਠੀਕ।"

ਕੰਧ ਨਾਲ ਢੋਅ ਲਾਕੇ ਬੈਠਾ ਇਕ ਸਿੰਘ ਖੜਾ ਹੋ ਗਿਆ। ਉਸਨੇ ਕਿਹਾ— "ਮੈਂ ਪਿਛੇ ਬੈਠਾਂ। ਮੇਰੀ ਗੱਲ ਕਿਸੇ ਨਹੀਂ ਸੁਣਨੀ। ਮੇਰਾ ਸੰਘ ਕੁਝ ਦਿਨਾਂ ਤੋਂ ਪੱਕਿਆ ਹੋਇਆ ਐ। ਚੀਨੇ ਹਕੀਮ ਨੇ ਦਵਾਈ ਦੇ ਕੇ ਹੋਰ ਖਰਾਬ ਕਰ ਦਿੱਤੈ।" ਉਸਨੇ ਅਜੇ ਆਪਣੀ ਗੱਲ ਸ਼ੁਰੂ ਹੀ ਕੀਤੀ ਸੀ ਕਿ ਭਾਈ ਸਾਹਿਬ ਨੇ ਉਠਦਿਆਂ ਪੁੱਛਿਆ—"ਕਿਉਂ ਗੁਰਮੁਖਾ! ਕੁਝ ਕਹਿਣਾ ਹੈ ਜਾਂ ਪੁੱਛਣਾ ਹੈ? ਉਂਜ ਮੈਂ ਤੁਹਾਡੀ ਗੱਲ ਟੋਕਣ ਦੀ ਖਿਮਾ ਮੰਗਦਾ ਹਾਂ। ਪਹਿਲੋਂ ਮੈਂ ਇਕ ਗੱਲ ਪੁੱਛਣੀ ਹੈ। ਫਿਰ ਤੁਹਾਡੀ ਸੁਣਾਂਗੇ। ਬੇਦਬੀ ਮਾਫ ਕਰਨੀ।" ਜ਼ਰਾ ਲੱਕ ਸਿੱਧਾ ਕਰਦਿਆਂ ਭਾਈ ਸਾਹਿਬ ਨੇ ਪੁਛਿਆ—"ਜੇ ਮੈਂ ਭੁਲਦਾ ਨਹੀਂ ਤਾਂ ਤੁਸੀਂ ਮੇਰੀ ਹੀ ਸਿੱਖ ਪਲਟਨ ਨੰਬਰ ਛੱਤੀ ਵਿਚ, ਮਰਦਾਨ ਛਾਉਣੀ ਮੇਰੇਨਾਲ ਸੌ। ਆਪਾਂ ਸੰਤ ਕਰਮ ਸਿੰਘ ਜੀ ਦੀ ਸੰਗਤ ਵਿਚ ਆਕੇ ਫੌਜ ਵਿੱਚੋਂ ਨਾਮ ਕਟਵਾਏ ਸੀ। ਤੁਹਾਡਾ ਸ਼ੁਭ ਨਾਮ ਮੇਰੇ ਮੂੰਹ ਵਿਚ ਫਿਰਦਾ ਹੈ।

"ਤੁਸੀਂ ਠੀਕ ਕਹਿੰਦੇ ਹੋ। ਮੇਰਾ ਨਾਮ ਜੋਗਿੰਦਰ ਸਿੰਘ ਐ। ਪਲਟਨ ਵਿਚ ਲੋਕੀ "ਤਿਲੰਗਾ" ਕਹਿ ਕੇ ਵੀ ਬੁਲਾਂਦੇ ਸੀ।" ਉਸ ਦੀ ਗੱਲ ਸੁਣ ਕੇ ਸਭ ਹੱਸ ਪਏ।

"ਤੇ ਹੁਣ ਤੂੰ ਏਥੇ ਵੀ "ਤਿਲੰਗੇ" ਦੇ ਨਾਂ ਨਾਲ ਨਾਲ ਮਸ਼ਹੂਰ ਹੋ ਜਾਣੈ।" ਇਕ ਹੋਰ ਨੇ ਠੱਠਾ ਕੀਤਾ।

"ਸਮਾਂ ਸਿਹਾਂ। ਮੈਂ ਤਾਂ ਭਾਈ ਹੋਰਾਂ ਨਾਲ ਈ ਟੁਰ ਜਾਣੈ। ਫੇਰ ਤੂੰ "ਤਿਲੰਗਾ" ਕੀਹਨੂੰ ਕਹੇਂਗਾ। ਆਪਾਂ ਤੋਂ ਨਹੀਂ ਦਰਬਾਨੀ ਹੋਣੀ। ਘਰ ਦੀ ਅੱਧੀ ਖਾ ਲਾਂਗੇ। ਨਿੱਕਿਆਂ ਦਾ ਸੀਰੀ ਬਣ ਕੇ ਰਹਿ ਪਊਂ ਦੁੱਧ ਦਹੀਂ ਤਾਂ ਮਿਲੂ ਚਾਹ ਕੌਫੀ ਨੇ ਕਲੇਜਾ ਸਾੜ ਦਿਤੈ। ਲੱਸੀ ਤਾਂ ਕਿਧਰੇ ਗਈ ਹੀ ਨਹੀਂ।"

ਜੋਗਿੰਦਰ ਸਿੰਘ ਦੀਆਂ ਗੱਲਾਂ ਨਾਲ ਮਾਹੌਲ ਹਾਸੇ ਠੱਠੇ ਵਾਲਾ ਬਣ ਗਿਆ

ਕੰਧ ਨਾਲ ਲੱਗੀ ਕਲਾਕ ਨੇ ਨੌਂ ਵਜਾਏ। ਸਭ ਘੜੀ ਤੱਕਣ ਲੱਗੇ। "ਫੇਰ ਤੁਸੀਂ ਲੰਡਨ ਵੀ ਗਏ ਸੀ ਭਾਈ ਸਾਹਿਬ?"

(ਬਾਕੀ ਪੰਨਾ 16 ਤੇ)

(ਪੰਨਾ 15 ਦੀ ਬਾਕੀ)

"ਹਾਂ। ਉਜਾਗਰ ਸਿੰਘ ਜੀ, ਗਏ ਸੀ ! ਟੋਬਰਾਂ ਨੂੰ ਮੰਗਾਉਣ ਦੀ ਲਹਿਰ ਗਰਮ ਹੋ ਗਈ। ਦੇਸ ਵਿਚਲਿਆਂ ਕੁਝ ਸਿੰਘ ਭਰਾਵਾਂ ਨੇ ਵੀ ਸਾਡੀ ਮਦਦ ਕੀਤੀ ਤੇ ਸਾਡੀ ਆਵਾਜ਼ ਵਿੱਚ ਆਪਣੀ ਆਵਾਜ਼ ਰਲਾਈ। ਹਸਨ ਰਹੀਮ ਜੀ ਕੈਨੇਡਾ ਵਿਚ ਸਾਡੇ ਬਹੁਤ ਪੜ੍ਹੇ ਲਿਖੇ ਵਿਦਵਾਨ ਲੀਡਰ ਹਨ। ਉਨ੍ਹਾਂ ਅੰਗਰੇਜ਼ੀ ਦੇ ਅਖ਼ਬਾਰਾਂ ਵਿੱਚ ਆਪਣੇ ਬਿਆਨ ਛਪਵਾ ਕੇ ਤੇ ਲੈਕਚਰ ਦੇਕੇ ਕੈਨੇਡਾ ਦੀ ਸਰਕਾਰ ਦੀ ਨਸਲੀ ਵਿਤਕਰਾ ਕਰਨ ਦੀ ਚੰਗੀ ਭੰਡੀ ਕੀਤੀ। ਕੈਨੇਡਾ ਸਰਕਾਰ, ਬਰਤਾਨੀਆਂ ਦੀ ਸਰਕਾਰ ਦੇ ਆਖੇ ਲੱਗ ਗਈ ਤੇ ਕੈਨੇਡਾ ਆਉਣ ਵਾਲੇ ਉਹਨਾਂ ਟੱਬਰਾਂ ਉੱਤੇ ਦੋ ਸੌ ਡਾਲੇ ਵਿਖਾਣ ਦੀ ਸ਼ਰਤ ਵਾਪਸ ਲੈ ਲਈ, ਜਿਨ੍ਹਾਂ ਦੇ ਕੈਨੇਡਾ ਵਿਚਲੇ ਘਰ ਵਾਲੇ ਇਸ ਯੋਗ ਹੋਣ ਕਿ ਉਹ ਆਏ ਟੱਬਰਾਂ ਦੇ ਖਰਚ ਦੀ ਜ਼ਿਮੇਵਾਰੀ ਲੈ ਸਕਣ।"

"ਫੇਰ ਤਾਂ ਖੁਲ੍ਹ ਮਿਲ ਗਈ ਸੀ," ਲਾਭ ਸਿੰਘ ਨੇ ਆਪਣੀ ਰਾਏ ਦਿੱਤੀ।

"ਨਹੀਂ। ਇਹ ਗੱਲ ਨਹੀਂ ਸੀ। ਇਹ ਤਾਂ ਸਰਕਾਰੀ ਹਿੰਦੁਸਤਾਨੀਆਂ ਨੂੰ ਝੂਠਾ ਮੂਠਾ ਖ਼ੁਸ਼ ਕਰਨ ਦੀ ਗੱਲ ਸੀ। ਅਸਲ ਗੱਲ ਇਹ ਸੀ ਕਿ ਜੋ ਕੋਈ ਕੈਨੇਡਾ ਆਵੇ ਉਹ ਦੇਸ ਤੋਂ ਸਿੱਧੇ ਜਹਾਜ਼ ਉੱਤੇ ਆਵੇ ਤੇ ਸਿੱਧਾ ਜਹਾਜ਼ ਜਾਂਦਾ ਹੀ ਕੋਈ ਨਹੀਂ ਸੀ। ਸਿੱਧੇ ਜਹਾਜ਼ ਵਾਲੀ ਸ਼ਰਤ ਇੱਕ ਢੌਂਗ ਸੀ। ਸਰਕਾਰ ਕੈਨੇਡਾ ਤੇ ਸਰਕਾਰ ਬਰਤਾਨੀਆਂ ਦੀ ਇਹ ਮਿਟੀ ਮਿਥੀ ਚਾਲ ਸੀ। ਇਸ ਸ਼ਰਤ ਕਰਕੇ ਕੋਈ ਕੈਨੇਡਾ ਜਾ ਨਹੀਂ ਸੀ ਸਕਦਾ।"

"ਫੇਰ ਕੀ ਹੋਇਆ ?" ਇਕ ਸਿੰਘ ਨੇ ਪੁੱਛਿਆ। "ਸਾਰੀ ਸੰਗਤ ਨੇ ਇਹ ਫੈਸਲਾ ਕੀਤਾ ਕਿ ਹਿੰਦ ਸਰਕਾਰ ਪਾਸ ਆਪਣੀਆਂ ਮੰਗਾਂ ਰੱਖਣ ਲਈ ਇਕ ਡੈਪੂਟੇਸ਼ਨ ਭੇਜਿਆ ਜਾਵੇ। ਅਮਰੀਕਾ ਤੋਂ ਵੀ ਭਾਈ ਜਵਾਲਾ ਸਿੰਘ ਜੀ ਠੱਠੀਆਂ ਤੇ ਨੰਦ ਸਿੰਘ ਸੀਹਰਾ ਵਿਚਾਰਾਂ ਵਿਚ ਹਿੱਸਾ ਲੈਣ ਆਏ। ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਮੈਂ ਭਾਈ ਨਰੈਣ ਸਿੰਘ ਜੀ ਚੋਬਦਾਰ ਤੇ ਭਾਈ ਨੰਦ ਸਿੰਘ ਜੀ ਸੀਹਰਾ ਨੂੰ ਨਾਲ ਲੈ ਕੇ ਸਾਰਾ ਕੰਮ ਸਰਕਾਰ ਹਿੰਦ ਦੇ ਸਾਹਮਣੇ ਰੱਖਾਂ।"

"ਤੁਸੀਂ ਤਾਂ ਲੰਡਨ ਗਏ ਸੀ।"

"ਠੀਕ ਹੈ। ਸਾਨੂੰ ਲੰਡਨ ਰਾਹੀਂ ਹੀ ਦੇਸ ਦਾ ਜਹਾਜ਼ ਮਿਲਿਆ ਸੀ। ਅਸੀਂ ਅਪ੍ਰੈਲ, 1913 ਦੇ ਪਹਿਲੇ ਹਫਤੇ ਲੰਡਨ ਪਹੁੰਚੇ। ਉਥੇ ਪਹੁੰਚ ਕੇ ਅਸਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਬਰਾਂਚ ਦੇ ਪ੍ਰਧਾਨ ਵੈਡਰਬਰਨ ਰਾਹੀਂ ਵਜ਼ੀਰ-ਹਿੰਦ ਨੂੰ ਮਿਲਣ ਦਾ ਜਤਨ ਕੀਤਾ। ਵਜ਼ੀਰ ਹਿੰਦ ਦੇ ਦਫਤਰ ਨੇ ਜਵਾਬ ਦੇ ਦਿੱਤਾ ਕਿ ਅਸੀਂ ਪਹਿਲੋਂ ਬਸਤੀਆਂ ਦੇ ਦਫਤਰ ਵਾਲਿਆਂ ਨੂੰ ਮਿਲੀਏ। ਦੂਜਾ ਇਤਰਾਜ਼ ਉਨ੍ਹਾਂ ਇਹ ਕੀਤਾ ਕਿ ਨੰਦ ਸਿੰਘ ਸੀਹਰਾ ਅਮਰੀਕਾ ਤੋਂ ਆਇਆ ਹੈ। ਇਸ ਲਈ ਉਹ ਡੈਲੀਕੇਸ਼ਨ ਵਿਚ ਨਹੀਂ ਗਿਣਿਆ ਜਾ ਸਕਦਾ। ਕਈ ਝਗੜਿਆਂ ਝੰਬੇਲਿਆਂ ਵਿੱਚੋਂ ਲੰਘ ਕੇ ਚੌਦਾਂ ਮਈ ਨੂੰ ਸਾਡੀ ਮੁਲਾਕਾਤ ਬਸਤੀਆਂ ਦੇ ਅੰਡਰਸੈਕਰੇਟਰੀ ਨਾਲ ਹੋਈ। ਵਜ਼ੀਰ ਹਿੰਦ ਦਾ ਰਾਜਸੀ ਐਡੀਕਾਂਗ ਸਰ ਡਨਲੱਪ ਸਮਿਥ ਮੁਲਾਕਾਤ ਵੇਲੇ ਹਾਜ਼ਰ ਸੀ। ਨੰਦ ਸਿੰਘ ਨੂੰ ਦੁਭਾਸ਼ੀਆ ਬਣਾ ਕੇ ਅਸੀਂ ਨਾਲ ਲੈ ਗਏ। ਅੰਗਰੇਜ਼ੀ ਵਿਚ ਗੱਲਬਾਤ ਪਿਛੋਂ ਡਨਲੱਪ ਹਿੰਦੁਸਤਾਨੀ ਵਿੱਚ ਗੱਲਾਂ ਕਰਨ ਲੱਗ ਪਿਆ। ਉਸਨੇ ਕਿਹਾ ਸਾਡਾ ਮਸਲਾ ਕੈਨੇਡਾ ਸਰਕਾਰ ਜਾਂ ਸਰਕਾਰ ਹਿੰਦ ਨਜਿਠ ਸਕਦੀ ਹੈ। ਸਰਕਾਰ ਬਰਤਾਨੀਆਂ ਦਖਲ ਨਹੀਂ ਦੇ ਸਕਦੀ।" ਇਥੇ ਆਕੇ ਭਾਈ ਸਾਹਬ ਰੁਕ ਗਏ।

"ਤੁਸੀਂ ਪੰਜਾਬ ਆ ਕੇ ਲਾਟ ਨਾਲ ਮੁਲਾਕਾਤ ਕੀਤੀ ਸੀ।" ਉਜਾਗਰ ਸਿੰਘ ਨੇ ਪੁੱਛਿਆ।

ਅਸੀਂ ਅਠਾਈ ਮਈ ਨੂੰ ਜਹਾਜ਼ ਚੜ੍ਹ ਪਏ। ਦੇਸ ਪਹੁੰਚਦੇ ਹੀ ਸਿੱਧੇ ਲਾਹੌਰ ਗਏ। ਸਰ ਮਾਈਕਲ ਓਡਵਾਇਰ ਲਾਹੌਰ ਦਾ ਲਾਟ ਸੀ ਤੇ ਹੁਣ ਵੀ ਉਹ ਪੰਜਾਬ ਦਾ ਲਾਟ ਹੈ। ਅਸਾਂ ਮੁਲਾਕਾਤ ਲਈ ਵਕਤ ਮੰਗਿਆ। ਉਸਨੇ ਸਾਡੇ ਆਉਣ ਬਾਰੇ ਪਹਿਲੋਂ ਹੀ ਸਭ ਰਪੋਟ ਮਿਲ ਚੁਕੀ ਸੀ। ਉਸ ਦੇ ਸਕੱਤਰ ਨੇ ਟਾਲ ਮਟੋਲ ਕੀਤੀ। ਸਾਨੂੰ ਮਗਰੋਂ ਪਤਾ ਲੱਗਾ ਕਿ ਉਸਨੇ ਸਾਡੀ ਸਾਰੀ ਰਪੋਟ ਦਿੱਲੀ ਭੇਜੀ ਹੋਈ ਸੀ ਤੇ ਵਾਇਸਰਾਏ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ। ਕਿਉਂਕਿ ਅਸੀਂ ਵੱਡੇ ਵੱਡੇ ਹਿੰਦੂ, ਮੁਸਲਮਾਨ ਤੇ ਸਿੱਖ ਲੀਡਰਾਂ ਨੂੰ ਮਿਲ ਕੇ ਆਪਣਾ ਮਸਲਾ ਉਨ੍ਹਾਂ ਦੇ ਸਾਹਮਣੇ ਰੱਖ ਰਹੇ ਸਾਂ। ਬਰੈਡਲਾ ਹਾਲ, ਲਾਹੌਰ ਵਿੱਚ ਜਲਸਾ ਕਰਕੇ, ਸਰਕਾਰ ਦੇ ਸਾਹਮਣੇ, ਸਾਡਾ ਮਸਲਾ ਪੇਸ਼ ਕਰਨ ਲਈ, ਕਈ ਵੱਡੇ ਵੱਡੇ ਲੀਡਰ ਤਿਆਰ ਹੋ ਗਏ ਸਨ। ਪੰਜਾਬ ਸਰਕਾਰ ਸਾਡੇ ਜਲਸਿਆ ਦੇ ਹੱਕ ਵਿੱਚ ਨਹੀਂ ਸੀ। ਮਗਰੋਂ ਪਤਾ ਲੱਗਾ ਕਿ ਹਿੰਦ ਸਰਕਾਰ ਨੇ ਪੰਜਾਬ ਸਰਕਾਰ ਨੂੰ ਹਦਾਇਤ ਕਰ ਭੇਜੀ ਸੀ ਕਿ ਜਲਸੇ ਨਾ ਹੋਣ ਤਾਂ ਚੰਗਾ ਹੈ ਪਰ ਜੇ ਜਲਸੇ ਹੋਣ ਤਾਂ ਪੰਜਾਬ ਸਰਕਾਰ ਰੁਕਾਵਟ ਨਾ ਪਾਏ। ਸਰਕਾਰ ਹਿੰਦ ਦਾ ਇਹ ਰਵਈਆ ਦੇਖ ਕੇ ਲਾਟ ਨੇ ਮੁਲਾਕਾਤ ਦਾ ਵਕਤ ਦੇ ਦਿੱਤਾ।

"ਅਸਾਂ ਸੁਣਿਐ ਉਹ ਤਾਂ ਬੜਾ ਅੜਬ ਵਰਗੀ ਐ।"

"ਅੜਬ ਜਿਹਾ ਅੜਬ। ਜਦ ਅਸੀਂ ਉਹਦੇ ਦਫਤਰ ਪਹੁੰਚੇ ਤਾਂ ਉਸਨੇ ਸਾਨੂੰ ਬਹਿਣ ਲਈ ਵੀ ਨਾ ਕਿਹਾ। ਆਕੜ ਕੇ ਵੱਡੀ ਸਾਰੀ ਮਖ਼ਮਲੀ ਕੁਰਸੀ ਉੱਤੇ ਡਟ ਕੇ ਬੈਠਾ ਰਿਹਾ। ਅਸਾਂ "ਗੁਡ ਮਾਰਨਿੰਗ" ਕਹੀ ਉਸਨੇ "ਗੁਡ ਮਾਰਨਿੰਗ" ਦਾ ਉਤਰ ਵੀ ਨਾ ਦਿੱਤਾ। ਮੈਂ ਆਲੇ ਦੁਆਲੇ ਵੇਖਿਆ ਕਈ ਕੁਰਸੀਆਂ ਪਈਆਂ ਸਨ। ਜਦ ਉਸਦਾ ਸਕੱਤਰ ਅੰਦਰ ਆਇਆ ਤਾਂ ਉਸਨੇ ਸਾਨੂੰ ਬੈਠਣ ਦਾ ਇਸ਼ਾਰਾ ਕੀਤਾ। ਅਸੀਂ ਬੈਠ ਗਏ। ਉਹ ਕਿੰਨੀ ਦੇਰ ਆਪਣੀਆਂ ਸੁਨਹਿਰੀ ਫਰੇਮ ਵਾਲੀਆਂ ਐਨਕਾਂ ਨਾਲ ਖੇਡਦਾ ਰਿਹਾ। ਉਸਨੇ ਅੱਖਾਂ ਚੁੱਕ ਕੇ ਸਾਡੇ ਵੱਲ ਤੱਕਿਆ ਤੱਕ ਵੀ ਨਾਂਹ। ਸਾਨੂੰ ਇਉਂ ਜਾਪਿਆ ਜਿਵੇਂ ਉਹਦੇ ਮਨ ਵਿੱਚ ਸਾਡੇ ਲਈ ਪਹਿਲੋਂ ਹੀ ਨਫਰਤ ਭਰੀ ਹੋਈ ਹੋਵੇ। ਉਹ ਨਿੱਕੀ ਜਿਹੀ ਛੜੀ ਹੱਥ ਵਿਚ ਫੜ ਕੇ, ਉਸ ਨਾਲ ਖੇਡਦਾ ਖੇਡਦਾ, ਟਹਿਲਦਾ ਟਹਿਲਦਾ ਮੇਰੇ ਅੱਗੇ ਆ ਖਲੋਤਾ। ਮੈਂ ਅੱਗੋਂ ਉਠ ਖਲੋਤਾ। ਉਸਨੇ ਮੇਰੇ ਸੱਜੇ ਮੋਢੇ ਉੱਤੇ ਛੜੀ ਰੱਖਦਿਆਂ ਪੁੱਛਿਆ— ਤੇਰਾ ਨਾਮ ਬਲਵੰਤ ਸਿੰਘ ਹੈ। ਮੈਂ "ਹਾਂ ਜੀ" ਵਿੱਚ ਉਤਰ ਦਿੱਤਾ। ਕੁਝ ਦੇਰ ਉਹ ਮੇਰੀਆਂ ਅੱਖਾਂ ਵਿੱਚ ਅੱਖਾਂ ਪਾਕੇ ਘੂਰਦਾ ਰਿਹਾ। ਮੈਂ ਵੀ ਅੱਖਾਂ ਨੀਵੀਆਂ ਨਾ ਕੀਤੀਆਂ। ਉਹ ਮੇਰੇ ਵੱਲ ਪਿੱਠ ਦੇਕੇ ਕਹਿਣ ਲੱਗਾ—ਤੂੰ ਗੂੰਗੀ ਹੈ। ਗੂੰਗੀ ਦਾ ਰੁਤਬਾ ਬੜਾ ਉਚਾ ਹੋਂਦਾ ਹੈ ਪਰ ਤੂੰ ਪਾਲੇਟਿਕਸ ਵਿਚ ਪੈਕੇ ਗੂੰਗੀ ਦੇ ਰੁਤਬੇ ਦੀ ਹਤਕ ਕੀਤੀ ਹੈ। ਮੈਨੂੰ ਉਸਦੀ ਗੱਲ ਵਿਹੁ ਵਰਗੀ ਲੱਗੀ ਪਰ ਮੈਂ ਹਲੀਮੀ ਨਾਲ ਉਤਰ ਦਿੱਤਾ— "ਅਸੀਂ ਆਪਣੇ ਪਰਵਾਰ ਕੈਨੇਡਾ ਲਿਜਾਣ ਦੀ ਮੰਗ ਕਰਦੇ ਹਾਂ। ਇਸ ਵਿੱਚ ਪਾਲੇਟਿਕਸ ਵਾਲੀ ਕਿਹੜੀ ਗੱਲ ਹੈ। ਉਸ ਨੇ ਮੇਰੇ ਵੱਲ ਮੂੰਹ ਕਰਕੇ ਅੱਗੇ ਨਾਲੋਂ ਵੀ ਅੱਖਾਂ ਚੌੜੀਆਂ ਕਰਕੇ ਕਿਹਾ— ਕੈਨੇਡਾ ਸਰਕਾਰ ਦਾ ਕਾਨੂੰਨ ਹੈ ਕਿ ਤੁਸੀਂ ਸਿੱਧੇ ਜਹਾਜ਼ ਉੱਤੇ ਜਾ ਸਕਦੇ ਹੋ। ਦੋ ਸੌ ਡਾਲੇ ਜੀਅ ਪ੍ਰਤੀ ਵਿਖਾਓ ਤੇ ਚਲੇ ਜਾਓ। ਮੈਂ ਫਿਰ ਬੜੀ ਹਲੀਮੀ ਨਾਲ ਉਤਰ ਦਿੱਤਾ ਕਿ ਦੇਸੋਂ ਸਿੱਧਾ ਜਹਾਜ਼ ਕੈਨੇਡਾ ਜਾਂਦਾ ਹੀ ਨਹੀਂ। ਕੈਨੇਡੀਅਨ ਸਰਕਾਰ ਨੇ ਇਹ ਕਾਨੂੰਨ ਇਸੇ ਲਈ ਬਣਾਇਆ ਹੈ ਕਿ ਅਸੀਂ ਕੈਨੇਡਾ ਜਾ ਹੀ ਨਾ ਸਕੀਏ। ਉਹ ਖਿਝ ਕੇ ਬੋਲਿਆ—ਤੁਸੀਂ ਕੀ ਸਮਝਦੇ ਹੋ ਕਿ ਮੈ ਹੁਣ ਇੰਡੀਆ ਤੋਂ ਕੈਨੇਡਾ ਤਕ ਤੁਹਾਡੇ ਲਈ ਸਿੱਧਾ ਜਹਾਜ਼ ਤੋਰਾਂ ਜਾਂ ਕੈਨੇਡਾ ਸਰਕਾਰ ਨੂੰ ਆਖਾਂ ਕਿ ਉਹ ਆਪਣਾ ਕਾਨੂੰਨ ਬਦਲ ਲਏ। ਮੈਂ ਕੈਨੇਡਾ ਦਾ ਗਵਰਨਰ ਨਹੀਂ। ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ।"

"ਉਹਦੀ ਕੋਰੀ ਗੱਲ ਸੁਣਕੇ ਭਾਈ ਨਰੈਣ ਸਿੰਘ ਚੋਬਦਾਰ ਤੇ ਭਾਈ ਨੰਦ ਸਿੰਘ ਨੇ ਪੁੱਛਿਆ—ਲਾਟ ਸਾਹਿਬ ! ਜੇ ਤੁਸੀਂ ਸਾਡੀ ਕੋਈ ਮਦਦ ਨਹੀਂ ਕਰ ਸਕਦੇ ਤਾਂ ਸਾਨੂੰ ਜਾਣ ਦੀ ਆਗਿਆ ਦਿਓ। ਨੰਦ ਸਿੰਘ ਦੀ ਇਸ ਗੱਲ ਨੂੰ ਲਾਟ ਨੇ ਉਸਦੀ ਗੁਸਤਾਖ਼ੀ ਸਮਝ ਕੇ ਖਹੁਰੀ ਆਵਾਜ਼ ਵਿਚ ਕਿਹਾ—ਬੈਠਾ ਰਹੋ ਜਿਥੇ ਬੈਠਾ ਹੈਂ।" ਗੱਲ ਕਰਦੇ ਕਰਦੇ ਭਾਈ ਸਾਹਿਬ ਮੁਸਕਰਾ ਪਏ।

ਉਜਾਗਰ ਸਿੰਘ ਨੇ ਪੁੱਛਿਆ "ਭਾਈ ਸਾਹਬ ਤੁਹਾਡੀ ਮੁਸਕਰਾਹਟ ਦੀ ਸਮਝ ਨਹੀਂ ਆਈ।"

"ਮੈਨੂੰ ਉਸ ਵੇਲੇ ਆਪਣੇ ਬਚਪਨ ਦੀ ਇਕ ਗੱਲ ਯਾਦ ਆ ਰਹੀ ਸੀ। ਮੈਂ ਪੰਜਵੀਂ ਜਾਂ ਛੇਵੀਂ ਵਿਚ ਪੜ੍ਹਦਾ ਸਾਂ। ਅਸੀਂ ਪਿੰਡੋਂ ਤੁਰ ਕੇ ਆਦਮਪੁਰ ਜਾਂਦੇ ਹੁੰਦੇ, ਕਲਾਸਾਂ ਨਹੀਂ ਸਨ ਬਦਲਦੀਆਂ। ਇੱਕੋ ਮੌਲਵੀ ਸਾਰਾ ਦਿਨ ਸਾਰੇ ਮਜ਼ਮੂਨ ਪੜ੍ਹਾਂਦਾ ਸੀ। ਨਾਮ ਸੀ ਉਹਦਾ ਦੀਨ ਮੁਹੰਮਦ। ਲੋਕੀ ਉਹਨੂੰ 'ਮੁਨਸ਼ੀ ਦੀਨਾ' ਕਹਿ ਕੇ ਬਲਾਂਦੇ ਸੀ। ਲਹੁਡੇ ਵੇਲੇ ਜਦ ਛੁਟੀ ਹੁੰਦੀ ਤਾਂ ਉਹ ਲਗ ਭਗ ਹਰ ਰੋਜ਼ ਇੱਕ ਜਾਂ ਦੋ ਮੁੰਡਿਆਂ ਨੂੰ ਛੁੱਟੀ ਪਿਛੋਂ ਵੀ ਬਿਠਾਈ ਰੱਖਦਾ। ਉਸਨੇ ਆਪਣੇ ਮਨ ਵਿਚ ਹੀ ਸਭ ਮੁੰਡਿਆਂ ਦੀ ਵਾਰੀ ਲਾਈ ਹੋਈ ਸੀ। ਰੋਕੇ ਗਏ ਮੁੰਡਿਆਂ ਨੂੰ ਪਤਾ ਹੁੰਦਾ ਕਿ ਅੱਜ ਉਹਨਾਂ ਦੀ ਸ਼ਾਮਤ ਆਈ ਹੈ। ਮੌਲਵੀ ਕਿਸੇ ਨੂੰ ਅੰਡੇ ਲਿਆਣ ਲਈ ਕਹਿੰਦਾ ਤੇ ਕਿਸੇ ਨੂੰ ਘਿਓ ਲਿਆਣ ਲਈ। ਸਾਗ ਦੀ ਰੁੱਤੇ ਸਾਗ ਮੰਗਵਾਂਦਾ, ਗੁੜ ਤਾਂ ਉਹਦਾ ਮੁਕਿਆ ਹੀ ਰਹਿੰਦਾ ਸੀ। ਉਹ ਮਦਰੱਸੇ ਵੀ ਗੁੜ ਦੀਆਂ ਨਿੱਕੀਆਂ ਨਿੱਕੀਆਂ ਰੋੜੀਆਂ ਨਾਲ ਲੈ ਔਂਦਾ ਸੀ। ਰੋਟੀ ਤੋਂ ਪਿੱਛੋਂ ਜਦ ਤਕ ਗੁੜ ਨਾ ਖਾ ਲਵੇ ਉਸਨੂੰ ਤਸੱਲੀ ਨਹੀਂ ਸੀ ਹੋਂਦੀ।"

"ਜਦ ਲਾਟ ਨੇ ਰੋਹਬ ਨਾਲ ਸਾਨੂੰ ਬੈਠੇ ਰਹਿਣ ਲਈ ਕਿਹਾ ਤਾਂ ਮੈਨੂੰ ਉਸ ਵਿੱਚੋਂ ਆਪਣਾ ਮੌਲਵੀ ਦੀਨ ਮੁਹੰਮਦ ਉਘੜ ਉਘੜ ਕੇ ਦਿਸਣ ਲੱਗ ਪਿਆ। ਮੈਂ ਸੋਚਿਆ ਅਜ ਸਾਡੀ ਸ਼ਾਮਤ ਆਈ ਕਿ ਆਈ। ਇਹਨੇ ਨਾ ਅੰਡੇ ਤੇ ਨਾ ਗੁੜ ਮੰਗਾਉਣਾ ਹੈ। ਇਹ ਤਾਂ ਕੋਈ ਹੋਰ ਵਖਤ ਪਾਂਦਾ ਦਿਸਦੈ।"

ਪਿੱਛੇ ਬੈਠੇ ਦੋ ਸਿੰਘ ਘੁਸਰ ਮੁਸਰ ਕਰ ਰਹੇ ਸਨ। ਉਜਾਗਰ ਸਿੰਘ ਨੇ ਉਨ੍ਹਾਂ ਵੱਲ ਮੂੰਹ ਕਰਕੇ ਕਿਹਾ— "ਜੇ ਤੁਸੀਂ ਕੋਈ ਪੁਛਣੀ ਐ ਤਾਂ ਪੁੱਛੋ। ਸ਼ਰਮ ਨਾ ਖਾਉ।"

"ਉਜਾਗਰ ਸਿਹਾਂ। ਤੇਰਾ ਭਲਾ ਹੋਵੇ। ਸ਼ਰਮ ਸੁਰਮ ਵਾਲੀ ਕੋਈ ਗੱਲ ਨਹੀਂ। ਆਹ ਜੀਣਾ ਮੇਰੇ ਕੰਨ'ਚ ਕੁਝ ਕਹੀ ਜਾਂਦੈ। ਇਹਨੂੰ ਪੁੱਛ ਲਓ।"

"ਜੀਣ ਸਿਹਾਂ। ਕੀ ਗੱਲ ਆ ?"

"ਜੀ ਮੈਂ ਪੁਛਣੈ, ਦੀਨਾ ਮੁਨਸ਼ੀ ਇੱਕ ਅਖੋਂ ਭੈਂਗਾ ਸੀ ਜਾਂ ਨਹੀਂ।"

ਭਾਈ ਸਾਹਬ ਹੱਸ ਪਏ। "ਬਿਲਕੁਲ ਠੀਕ ਹੈ।"

"ਫੇਰ ਤਾਂ ਭਾਈ ਮੈਂ ਵੀ ਉਹਦੇ ਕੋਲੋਂ ਪੜ੍ਹਿਆਂ। ਮੈਂ ਆਪਣੀ ਤੇ ਉਹਨੂੰ ਅੰਡੇ, ਸਾਗ, ਗੁੜ ਲਿਆ ਕੇ ਦੇਂਦਾ ਰਿਹਾਂ। ਇੱਕ ਵਾਰੀ ਮੈਂ ਜਵਾਰ ਦਾ ਆਟਾ ਲਿਜਾਣਾ ਭੁਲ ਗਿਆ। ਉਹਨੇ ਕਿੰਨੀ ਦੇਰ ਮੇਰੇ ਕੰਨ ਫੜਾਈ ਰੱਖੇ। ਫੇਰ ਮੇਰੇ ਚਿਤੜਾਂ ਤੇ ਠੁਡ ਮਾਰ ਕੇ ਕਹਿਣ ਲੱਗਾ ਕਲ ਨਾਂ ਭੁਲੀਂ। ਮੈਂ ਮੁੜ ਉਹਨੂੰ ਮੂੰਹ ਹੀ ਨਾ ਵਿਖਾਇਆ।"

"ਜੀਉਣ ਸਿੰਘ ਜੀ। ਤੁਸੀਂ ਮੇਰੇ ਨਾਲੋਂ ਕਈ ਸਾਲ ਪਿੱਛੋਂ ਪੜ੍ਹਨ ਗਏ ਹੋਣੇ ਓ।"

"ਤੁਹਾਡਾ ਮੇਰਾ ਔਠਾਂ ਦਸਾਂ ਸਾਲਾਂ ਦਾ ਫਰਕ ਤਾਂ ਹੋਊ ਈ।"

ਬਾਕੀ ਸੱਜਣ ਭਾਈ ਸਾਹਿਬ ਦੀ ਗੱਲ ਸੁਣਨ ਲਈ ਕਾਹਲੇ ਪਏ ਸਨ। ਜੀਉਣ ਸਿੰਘ ਖੜਾ ਹੋ ਗਿਆ। "ਜੀ। ਮੈਂ ਇਕ ਗੱਲ ਹੋਰ ਕਰਨੀ ਐ।"

"ਕਰ ਗੁਰਮੁਖਾ। ਕੀ ਹੁਕਮ ਹੈ ?"

"ਜੀ ਹੁਕਮ ਹੁਕਮ ਕੋਈ ਨਹੀਂ। ਇਕ ਅਰਜ ਐ।"

ਸਾਰੇ ਸੱਜਣ ਉਸਦੇ ਮੂੰਹ ਵੱਲ ਤਕਣ ਲੱਗੇ। ਉਸ ਨੇ ਕਿਹਾ "ਜੀ। ਕੇਸਰ ਸਿਹੁੰ ਠਠਗੜੀਆ ਅਈਥੋਂ ਲੰਘ ਕੇ ਗਿਆ ਸੀ। ਮੇਰਾ ਪੇਂਡੂ ਈ ਸਮਝੋ। ਕਹਿਣ ਲੱਗਾ— ਚੱਲ ਦੇਸ ਗ਼ਦਰ ਮਚਾਈਏ। ਮੈਨੂੰ ਉਹਦੀ ਗੱਲ ਸਮਝ ਈ ਨਾ ਪਈ।"

ਲਾਭ ਸਿੰਘ ਨੇ ਉਸਦੀ ਗੱਲ ਟੁਕ ਕੇ ਪੁੱਛਿਆ— "ਜਾਣਿਆ। ਤੂੰ ਦੁਆਬੀਆ। ਠਠਗੜੀਆ ਮਝੈਲ ਤੇਰਾ ਪੇਂਡੂ ਕਿਤਰੋਂ ਬਣਿਆ।"

"ਸਾਡੇ ਪਿੰਡ ਸਾਡੇ ਸ਼ਾਹਾਂ, ਲਹਿਣੇ ਦੇਣੇ ਵਿਚ ਸਾਡਾ, ਘਰ ਕੁਲਾ ਵੀ ਕੁਰਕ ਕਰ ਲਿਆ ਸੀ। ਸਾਡਾ ਬਾਪੂ ਸਾਨੂੰ ਲੈਕੇ ਆਦਮਪੁਰ ਜਾ ਬੈਠਾ। ਓਥੇ ਆੜਤੀਆਂ ਦਾ ਗੱਡਾ ਵਾਹੁੰਦਾ ਰਿਹਾ। ਮੈਂ ਇੱਕੋ ਗੱਲ ਕਰਨੀ ਐ। ਕਰ ਲੈਣ ਦਿਓ।" ਉਸਨੇ ਭਾਈ ਬਲਵੰਤ ਸਿੰਘ ਵੱਲ ਹੱਥ ਜੋੜ ਕੇ ਕਿਹਾ — "ਭਾਈ ਜੀ ! ਆਪਾਂ ਪੇਂਡੂ ਹੀ ਹੋਏ। ਤੁਹਾਡਾ ਖੁਰਦਪੁਰ ਤੇ ਮੇਰਾ ਆਦਮਪੁਰ। ਫੇਰ ਆਪਾਂ ਇੱਕੋ ਮੁਨਸ਼ੀ ਦੀਨੇ ਤੋਂ ਪੜ੍ਹੇ। ਪੜ੍ਹਾਇਆ ਤਾਂ ਉਹਨੇ ਕੁਝ ਨਹੀਂ ਪਰ ਫਿਰ ਵੀ ਮੈਂ ਉਰਦੂ ਦਾ ਅਖ਼ਬਾਰ ਪੜ੍ਹ ਲੈਂਦਾ।" ਉਸਦੀ ਗੱਲ ਲੰਮੀ ਹੁੰਦੀ ਵੇਖ ਕੇ ਉਜਾਗਰ ਸਿੰਘ ਨੇ ਕਿਹਾ—ਜੀਓਿਆ, ਡੇਰ ਹੋ ਰਹੀ ਐ। ਮਤਲਬ ਦੀ ਗੱਲ ਕਰ।"

"ਜੀ, ਮੈਂ ਇਹੋ ਅਰਜ ਕਰਨੀ ਐ ਕਿ ਮੈਨੂੰ ਠਠਗੜੀਏ ਦੀ ਗੱਲ ਦੀ ਸਮਝ ਨਹੀਂ ਆਈ। ਹੁਣ ਮੈਂ ਦੇਸ ਜਾਣ ਲਈ ਤਿਆਰ ਆਂ। ਗੰਡਾਸੇ ਨਾਲ ਲਾਟ ਨੂੰ ਵੀ ਵੱਢ ਦਊਂ।" ਕਹਿ ਕੇ ਉਹ ਬਹਿ ਗਿਆ ਸੀ ਤੇ ਸਾਰੇ ਸੱਜਣ ਹਰਾਨੀ ਨਾਲ ਉਸ ਵੱਲ ਵੇਖ ਰਹੇ ਸਨ। ਸਭ ਉਸਨੂੰ ਭੋਲਾ ਭਾਲਾ ਸਮਝਦੇ ਸਨ ਪਰ ਅੱਜ ਉਸਦੀ ਜੋਸ਼ ਭਰੀ ਗੱਲ ਸੁਣ ਕੇ ਉਸਨੂੰ "ਸ਼ਾਬਾਸ਼ ! ਸ਼ਾਬਾਸ਼ !" ਕਹਿਣ ਲੱਗ ਪਏ। ਉਹ ਛਾਤੀ ਫੁਲਾ ਕੇ ਗੰਡਿਆ ਪਰਨੇ ਬੈਠਾ ਭਾਈ ਸਾਹਿਬ ਵੱਲ ਤਰ ਰਿਹਾ ਸੀ।

"ਜੀਉਣ ਸਿੰਘ ਜੀ। ਤਿਆਰ ਹੋ ਜਾਓ। ਆਪਾਂ ਰਲ ਕੇ ਚਲਾਂਗੇ।" ਭਾਈ ਸਾਹਬ ਦੀ ਗੱਲ ਸੁਣ ਕੇ ਉਹ ਖ਼ੁਸ਼ ਹੋ ਗਿਆ। ਉਠਦਾ ਬੋਲਿਆ— "ਆਪਾਂ ਚਲਦੇ ਆਂ। ਚੀਨੇ ਨੂੰ ਜਵਾਬ ਦੇਣੈ। ਬਸ ਅੱਜ ਰਾਤ ਜਾਗਾ ਦਊਂ। ਕਲ ਤੋਂ ਬੱਸ ਛੁੱਟੀ ਸਮਝੋ।" ਕਹਿ ਕੇ ਉਹ ਹੱਥ ਜੋੜਦਾ ਜੋੜਦਾ ਬਾਹਰ ਨਿਕਲ ਗਿਆ।

"ਇਹੋ ਜਿਹੇ ਬੰਦੇ ਜੋ ਕਹਿੰਦੇ ਐ, ਕਰ ਗੁਜਰਦੇ ਐ। ਬਸ ਕੋਈ ਕੰਮ ਲੈਣ ਵਾਲਾ ਹੋਵੇਸਹੀ।" ਸ਼ੇਰ ਸਿੰਘ ਨੇ ਆਪਣੀ ਰਾਏ ਦਿੱਤੀ।

"ਲਾਟ ਨੇ ਫਿਰ ਤੁਹਾਨੂੰ ਕਿੰਨੀ ਦੇਰ ਬਿਠਾਈ ਰੱਖਿਆ ?" ਉਜਾਗਰ ਸਿੰਘ ਨੇ ਪੁੱਛਿਆ।

"ਉਹ ਔਖਾ ਜਿਹਾ ਹੋਕੇ ਆਪਣੀ ਕੁਰਸੀ ਉੱਤੇ ਜਾ ਬੈਠਾ। ਅਸੀਂ ਵੀ ਬੈਠੇ ਹੋਏ ਸਾਂ। ਕੁਝ ਦੇਰ ਉਹ ਛਟੀ ਜਿਹੀ ਨਾਲ ਖੇਡਦਾ ਰਿਹਾ। ਉਸਨੇ ਨੰਦ ਸਿੰਘ ਨੂੰ ਸੰਬੋਧਨ ਕਰਦਿਆ ਪੁੱਛਿਆ—"ਤੂੰ ਤਾਂ ਅਮਰੀਕਾ ਪੜ੍ਹਦਾ ਹੈਂ। ਤੂੰ ਕੀ ਕਰਨ ਆਇਆ ਹੈਂ ? ਤੇਰਾ ਕੀ ਕੰਮ ਸੀ ਇਸ ਡੈਪੂਟੇਸ਼ਨ ਨਾਲ ਆਉਣ ਦਾ ?"

"ਮੈਂ ਦੁਭਾਸ਼ੀਏ ਦਾ ਕੰਮ ਕਰਨਾ ਹੈ।" ਨੰਦ ਸਿੰਘ ਨੇ ਉਤਰ ਦਿੱਤਾ

"ਕੀ ਬਲਵੰਤ ਸਿੰਘ ਨੂੰ ਦੁਭਾਸ਼ੀਏ ਦੀ ਲੋੜ ਹੈ ?" ਗਵਰਨਰ ਨੇ ਪੁੱਛਿਆ। ਨੰਦ ਸਿੰਘ ਨੇ ਕੋਈ ਉਤਰ ਨਾ ਦਿੱਤਾ।

"ਤੁਹਾਡੇ ਨਾਲ ਤੀਜੇ ਬੰਦੇ ਦਾ ਨਾਮ ਨਰੈਣ ਸਿੰਘ ਹੈ। ਤੁਸੀਂ ਦੋਵੇਂ ਇਸਨੂੰ ਵੀ ਕੁਰਾਹੇ ਪਾ ਰਹੇ ਹੋ।" ਲਾਟ ਦੀ ਇਹ ਗੱਲ ਸੁਣ ਅਸੀਂ ਸਭ ਚੁਪ ਰਹੇ।

"ਮੈਨੂੰ ਰਪੋਟ ਮਿਲੀ ਹੈ ਕਿ ਤੁਸੀਂ ਲੰਡਨ ਦੇ ਕੈਕਸਟਨ ਹਾਲ ਵਿਚ ਵੀ ਜਲਸਾ ਕਰਕੇ ਲੋਕਾਂ ਨੂੰ ਸਲਤਨਤ ਬਰਤਾਨੀਆਂ ਦੇ ਖਿਲਾਫ ਉਕਸਾਇਆ ਹੈ।" ਉਸ ਨੇ ਆਪਣੇ ਸਕੱਤਰ ਨੂੰ ਕਹਿ ਕੇ ਇੱਕ ਫਾਇਲ ਮੰਗਵਾਈ। ਫਾਇਲ ਪੜ੍ਹਦਾ ਪੜ੍ਹਦਾ ਕਹਿਣ ਲੱਗਾ—"ਤੁਹਾਡੇ ਲੋਕਾਂ ਨੇ ਓਥਰਾਇਨ ਹਾਲ ਵੈਨਕੂਵਰ ਵਿਚ ਵੀ ਹਲਾ ਗੁਲਾ ਕੀਤਾ ਹੈ। ਰਾਜਾ ਸਿੰਘ ਬਾੜੀਆ, ਡਾਕਟਰ ਸੁੰਦਰ ਸਿੰਘ ਤੇ ਭਾਗ ਸਿੰਘ ਦੇ ਖਿਲਾਫ ਰਪੋਟਾਂ ਆਈਆਂ ਸਨ। ਤੁਸਾਂ ਆਪ ਫੀਰੋਜ਼ਪੁਰ, ਤਰਨਤਾਰਨ, ਜਲੰਧਰ ਤੇ ਹੋਰ ਸ਼ਹਿਰਾਂ ਵਿੱਚ ਜਲਸੇ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ। ਜੇ ਤੁਸਾਂ ਕੋਈ ਗੜਬੜ ਕੀਤੀ ਤਾਂ ਸਤ ਸਤ ਸਾਲ ਬੰਨ੍ਹ ਦਿਆਂਗਾ। ਮੇਰੇ ਪਾਸ ਸਭ ਅਖਤਿਆਰ ਹਨ।"

"ਉਹ ਧਮਕੀਆਂ ਦੇਂਦਾ ਰਿਹਾ। ਅਸੀਂ ਚੁਪ ਕਰਕੇ ਸੁਣਦੇ ਰਹੇ। ਉਸਦਾ ਸਕੱਤਰ ਪਿਛਲੇ ਪਾਸੇ ਚਲਾ ਗਿਆ। ਲਾਟ ਵੀ ਉਸਦੇ ਪਿੱਛੇ ਪਿੱਛੇ ਪਿਛਲੇ ਕਮਰੇ ਵਿਚ ਜਾ ਵੜਿਆ। ਭਾਈ ਨਰੈਣ ਸਿੰਘ ਨੇ ਰੋਹ ਵਿਚ ਆਕੇ ਕਿਹਾ "ਇਹ ਲਾਟ ਤਾਂ ਬੁਲ੍ਹੀ ਕੁੱਤਾ ਹੈ।" ਮੈਂ ਉਨ੍ਹਾਂ ਨੂੰ ਕਿਹਾ ਕਿ ਚੁਪ ਰਹਿਣ ਹੋ ਸਕਦਾ ਹੈ ਸਕੱਤਰ ਵੀ ਸਾਡੀ ਬਾਤ ਜਾਣਦਾ ਹੋਵੇ।"

"ਅਸੀਂ ਉਥੋਂ ਉਠਣ ਲਈ ਕਾਹਲੇ ਪਏ ਹੋਏ ਸਾਂ। ਲਾਟ ਤੇ ਉਸਦਾ ਸਕੱਤਰ ਕਿੰਨੀ ਦੇਰ ਬਾਹਰ ਨਾ ਆਏ। ਪਹਿਲੋਂ ਸਕੱਤਰ ਮੁੜਿਆ। ਉਸਦੇ ਪਿੱਛੇ ਪਿੱਛੇ ਲਾਟ ਆ ਗਿਆ। ਉਹ ਫਿਰ ਸਾਡੇ ਸਾਹਮਣੇ ਆ ਖਲੋਤਾ। ਅਸੀਂ ਤਿੰਨੇ ਉਠ ਖਲੋਤੇ। ਉਸਨੇ ਜ਼ਰਾ ਨਰਮੀ ਨਾਲ ਸਾਨੂੰ ਬਹਿ ਜਾਣ ਦਾ ਇਸ਼ਾਰਾ ਦਿੱਤਾ ਤੇ ਨਾਲ ਹੀ ਮੈਨੂੰ ਬਾਹੋਂ ਫੜ ਕੇ ਬਿਠਾਂਦਿਆਂ ਪੁੱਛਿਆ—"ਬਲਵੰਤ ਸਿੰਘ ! ਤੂੰ ਛੱਤੀ ਨੰਬਰ ਸਿੱਖ ਵਿਚ ਦਸ ਸਾਲ ਨੌਕਰੀ ਕੀਤੀ ਹੈ। ਤੇਰਾ ਰੀਕਾਰਡ ਬਹੁਤ ਚੰਗਾ ਸੀ। ਤੂੰ ਫੌਜ ਵਿੱਚੋਂ ਨਾਮ ਕਿਉਂ ਕਟਾਇਆ ਸੀ ?" ਮੈਨੂੰ ਕੋਈ ਉਤਰ ਨਹੀਂ ਸੀ ਸੁਝ ਰਿਹਾ। ਮੈਂ ਉਤਰ ਲੱਭ ਹੀ ਰਿਹਾ ਸਾਂ ਕਿ ਉਹ ਫਿਰ ਬੋਲ ਪਿਆ। ਹੁਣ ਉਸਦੇ ਚਿਹਰੇ ਉੱਤੇ ਨਿਮ੍ਹੀ ਜਿਹੀ ਮੁਸਕਰਾਹਟ ਸੀ। ਕਹਿਣ ਲੱਗਾ—"ਮੈਂ ਅੱਜ ਤੋਂ ਹੀ ਤੈਨੂੰ ਹੌਲਦਾਰੀ ਦੇਂਦਾ ਹਾਂ। ਛਿਆਂ ਮਹੀਨਿਆਂ ਵਿਚ ਜਮਾਂਦਾਰ ਤੇ ਉਸਤੋਂ ਅਗਲੇ ਸਾਲ ਤੈਨੂੰ ਸੂਬੇਦਾਰ ਦੀ ਵਰਦੀ ਵਿਚ ਵੇਖਣਾ ਚਾਹੁੰਦਾ ਹਾਂ। ਤੂੰ ਬਹੁਤ ਲਾਇਕ ਬੰਦਾ ਹੈਂ ਪਰ ਤੂੰ ਆਪਣੀ ਸਾਰੀ ਅਕਲ ਪੁਠੇ ਪਾਸੇ ਲਾਈ ਬੈਠਾ ਹੈਂ।" ਮੈਂ ਨੀਵੀਂ ਪਾਕੇ ਉਸਦੀਆਂ ਗੱਲਾਂ ਸੁਣ ਰਿਹਾ ਸਾਂ ਪਰ ਮੈਂ ਕੋਈ ਉਤਰ ਨਾ ਦਿੱਤਾ। ਕਹਿਣ ਲੱਗਾ ਜੇ ਤੂੰ ਨੌਕਰੀ ਨਹੀਂ ਕਰਨੀ ਤਾਂ ਤੈਨੂੰ ਨੀਲੀਬਾਰ ਵਿਚ ਦੋ ਮੁਰੱਬੇ ਦੁਆ ਦਿਆਂਗਾ। ਬੈਠਾ ਮੌਜ ਕਰੀਂ।"

"ਮੈਨੂੰ ਅੰਦਰੋ ਅੰਦਰ ਬੜੀ ਖਿਝ ਆ ਰਹੀ ਸੀ। ਮੈਂ ਸੋਚ ਰਿਹਾ ਸਾਂ ਮੇਰੇ ਸਾਥੀ ਕੀ ਸਮਝਦੇ ਹੋਣਗੇ ਪਰ ਮੈਂ ਚੁਪ ਹੀ ਰਿਹਾ। ਮੇਰੇ ਕੋਲੋਂ ਹੱਟ ਕੇ ਉਹ ਸਕੱਤਰ ਪਾਸ ਜਾ ਖਲੋਤਾ। ਸਕੱਤਰ ਮੇਰੇ ਕੋਲ ਆਕੇ ਕਹਿਣ ਲੱਗਾ—"ਤੁਹਾਡੇ ਨਾਲਦਿਆਂ ਨੂੰ ਵੀ ਬਖਸ਼ਸ਼ ਮਿਲੇਗੀ। ਮੈਥੋਂ ਰਿਹਾ ਨਾ ਗਿਆ— ਮੈਂ ਗੁਸੇ ਵਿਚ ਆਕੇ ਕਿਹਾ—"ਸਾਨੂੰ ਕਿਸੇ ਬਖਸ਼ਸ਼ ਦੀ ਲੋੜ ਨਹੀਂ। ਅਸੀਂ ਆਪਣੇ ਟੱਬਰਾਂ ਨੂੰ ਕੈਨੇਡਾ ਲਿਜਾਣ ਦੀ ਖੁਲ੍ਹ ਲੈਣ ਲਈ ਲਾਟ ਸਾਹਿਬ ਦੀ ਮਦਦ ਲੈਣ ਆਏ ਹਾਂ।" ਮੇਰ ਗੱਲ ਸੁਣ ਕੇ ਲਾਟ ਟੱਪ ਉਠਿਆ—"ਤੂੰ ਬਾਗੀ ਹੈਂ। ਤੂੰ ਜਿਥੇ ਜਾਂਦਾ ਹੈਂ ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਖਿਲਾਫ ਪਰਚਾਰ ਕਰਦਾ ਹੈਂ। ਲੋਕਾਂ ਨੂੰ ਉਕਸਾਂਦਾ ਹੈਂ। ਤੂੰ ਅਮਰੀਕੀ ਸਿੱਖਾਂ ਨਾਲ ਰਲਿਆ ਹੋਇਆ ਹੈ ਜਿਹੜੇ ਹਰ ਰੋਜ਼, ਸਲਤਨਤ ਬਰਤਾਨੀਆਂ ਦੇ ਖਿਲਾਫ ਹਥਿਆਰਬੰਦ—ਬਗਾਵਤ ਦੀਆਂ ਗੱਲਾਂ ਕਰਨ ਲੱਗ ਪਏ ਹਨ।" ਉਸਨੇ ਛਟੀ ਘੁਮਾਂਦਿਆਂ ਗੁਸੇ ਵਿਚ ਆਕੇ ਕਿਹਾ— "ਤੁਸੀਂ ਜਾ ਸਕਦੇ ਹੋ।" ਅਸੀਂ ਉਠ ਕੇ ਤੁਰੇ ਹੀ ਸਾਂ ਕਿ ਲਾਟ ਨੇ ਮੁੜ ਕੇ ਕਿਹਾ "ਬਲਵੰਤ ! ਮੈਂ ਤੈਨੂੰ ਇਕ ਵਾਰੀ ਹੋਰ ਮੌਕਾ ਦਿੰਦਾ ਹਾਂ। ਸਮਝ ਜਾ। ਅੱਜ ਨਾਹ ਸਹੀ। ਜਦ ਤੈਨੂੰ ਮੇਰੀ ਗੱਲ ਦੀ ਸਮਝ ਪਵੇ ਆ ਜਾਈਂ। ਮੈਂ ਤੈਨੂੰ ਖੁਸ਼ ਕਰਾਂਗਾ।" ਉਸਨੇ ਮੇਰਾ ਇਕਹਿਰਾ ਨਾਮ ਬੁਲਾਇਆ ਸੀ। ਮੇਰਾ ਮਨ ਕੀਤਾ ਮੈਂ ਵੀ ਉਸਦਾ ਇਕਹਿਰਾ ਨਾਮ 'ਮਾਈਕਲ' ਕਹਿ ਕੇ ਗੱਲ ਕਰਾਂ ਪਰ ਮੈਂ ਇਸ ਤਰਾਂ ਨਾ ਕੀਤਾ। ਅਸੀਂ ਬਾਹਰ ਨਿਕਲ ਰਹੇ ਸਾਂ। ਆਦਮ ਕੱਦ ਸ਼ੀਸ਼ੇ ਵਿੱਚੋਂ ਦਿਸ ਰਿਹਾ ਸੀ ਕਿ ਉਹ ਮੇਰੀ ਪਿੱਠ ਪਿੱਛੇ ਆਪਣੀ ਛਟੀ ਉਭਾਰ ਰਿਹਾ ਸੀ। ਉਸ ਨੇ ਸਾਨੂੰ ਸੁਣਾ ਕੇ ਆਪਣੇ ਸਕੱਤਰ ਨੂੰ ਕਿਹਾ—"ਬਲਵੰਤ ਸਿੰਘ ਬਹੁਤ ਹੀ ਖਤਰਨਾਕ ਸਿੱਖ।"

"ਫਿਰ ਤਾਂ ਨਰੈਣ ਸਿੰਘ ਨੇ ਠੀਕ ਹੀ ਕਿਹਾ ਸੀ ਕਿ ਇਹ ਲਾਟ ਬੁਲ੍ਹੀ ਕੁੱਤੀ ਹੈ।" ਲਾਭ ਸਿੰਘ ਨੇ ਆਪਣੀ ਰਾਏ ਦਿੱਤੀ। ਨਾਲ ਹੀ ਉਸਨੇ ਕਿਹਾ — "ਜਿਨ੍ਹਾਂ ਬੰਦਿਆਂ ਦੇਸ਼ ਚਲਣਾ ਹੈ ਗਦਰ ਮਚਾਉਣ ਲਈ ਉਹ ਉਠ ਕੇ ਖੜੇ ਹੋ ਜਾਓ। ਸੱਤ ਬੰਦੇ ਉਠ ਕੇ ਖੜੇ ਹੋ ਗਏ। ਭਾਈ ਬਲਵੰਤ ਸਿੰਘ ਨੇ ਉਠ ਕੇ ਸਭ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਈਆਂ।

(ਚਲਦਾ)

SONI & SONS
JEWELLERS

ORIENTAL GOLD AND SILVER
JEWELLERY REPAIRS
SPECIALIST IN EAST INDIAN
JEWELLERY






NANUBHAI
Bus. 324-1012
Res. 327-0783

6538 MAIN STREET
(Entrance at back door)
VANCOUVER. B.C.
V5X 3G9



ਜਵਾਹਰ ਲਾਲ ਨਹਿਰੂ ਸਟੇਡੀਅਮ

ਜਵਾਹਰ ਲਾਲ ਨਹਿਰੂ ਸਟੇਡੀਅਮ ਨੌਵੀਆਂ ਏਸ਼ਿਆਈ ਖੇਡਾ ਲਈ ਮੁਖ ਸਟੇਡੀਅਮ ਹੈ, ਜਿਥੇ ਕਿ ਓਪਨਿੰਗ ਅਤੇ ਕਲੋਜ਼ਿੰਗ ਰਸਮ ਅਦਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅਥਲੈਟਿਕਸ ਅਤੇ ਫੁਟਬਾਲ ਦੇ ਸੈਮੀਫਾਈਨਲ ਅਤੇ ਫਾਈਨਲ ਮੈਚ ਇਸੇ ਸਟੇਡੀਅਮ ਵਿਖੇ ਹੋਣਗੇ। ਜਿਸ ਤੇਜ਼ੀ ਅਤੇ ਢੰਗ ਨਾਲ ਇਹ ਸਟੇਡੀਅਮ ਬਣਿਆ ਹੈ ਉਸ ਲਈ ਇੰਜੀਨੀਅਰ ਅਤੇ ਆਰਕੀਟੈਕਟਾਂ ਤੋਂ ਲੈ ਕੇ ਮਜ਼ਦੂਰਾਂ ਤਕ ਵਧਾਈ ਦੇ ਪਾਤਰ ਹਨ। ਸਟੇਡੀਅਮ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਦੇ ਨਾਂ ਉਪਰ ਹੈ, ਜਿਨ੍ਹਾਂ ਕਿ ਅਜ ਤੋਂ 31 ਸਾਲ ਪਹਿਲਾਂ ਪਹਿਲੀਆਂ ਏਸ਼ਿਆਈ ਖੇਡਾਂ ਭਾਰਤ ਵਿਚ ਕਰਵਾਈਆਂ। ਇਥੇ 75000 ਦਰਸ਼ਕਾਂ ਦੇ ਬੈਠਣ ਦਾ ਇੰਤਜ਼ਾਮ ਹੈ।

ਅੰਦਰ ਜਾਣ ਦਾ ਰਸਤਾ ਇਸ ਤਰ੍ਹਾਂ ਬਣਾਇਆ ਗਿਆ ਹੈ, ਦਰਸ਼ਕ ਆਸਾਨੀ ਨਾਲ ਵਖੋ ਵਖ ਗੈਲਰੀਆਂ ਵਿਚ ਜਾ ਕੇ ਬੈਠ ਸਕਦੇ ਹਨ। ਜੇ ਲੋੜ ਪਵੇ ਤਾਂ ਸਿਰਫ ਦਸ ਮਿੰਟਾਂ ਵਿਚ ਸਟੇਡੀਅਮ ਖਾਲੀ ਹੋ ਸਕਦਾ ਹੈ।

ਅੱਠ ਲਾਈਨਾਂ ਦਾ ਓਲੰਪਿਕ ਸਾਇਜ਼ ਦਾ ਸਿਨਥੈਟਿਕ ਟਰੈਕ ਇੰਗਲੈਂਡ ਦੀ ਕੰਪਨੀ ਨੇ ਵਿਛਾਇਆ ਹੈ ਜਿਸ ਦੀ ਕੀਮਤ 3,69395 ਹੈ। ਸਟੇਡੀਅਮ ਦੇ ਉਪਰ ਇਕ ਵਿਸ਼ੇਸ਼ ਕਮਰਾਂ ਬਣਾਇਆ ਗਿਆ ਹੈ ਜਿਥੋਂ ਫੋਟੋ ਫਿਨਿਸ਼ ਕੈਮਰੇ ਚਲਣਗੇ। ਉਤਰੀ ਸਟੈਂਡ ਵਲ 20 ਮੀਟਰ ਮੈਟਰਿਕਸ ਢੰਗ ਦਾ ਸਕੋਰ ਬੋਰਡ ਲਗੇਗਾ। ਇਸ ਸਕੋਰ ਬੋਰਡ ਉਤੇ ਹਿੰਦੀ ਅਤੇ ਅੰਗਰੇਜ਼ੀ ਵਿਚ ਨਤੀਜੇ ਹੋਣਗੇ। ਇਕ ਕਮਪਿਊਟਰ ਨਾਲ ਚਲਣ ਵਾਲੇ ਮਾਈਕਰੋ ਪ੍ਰੋਸੈਸਰ ਰਾਹੀਂ ਸਕੋਰ ਬੋਰਡ ਤੇ ਸਭ ਨਤੀਜੇ ਦਸੇ ਜਾਣਗੇ। ਬਾਕੀ ਸਾਰੇ ਸਟੇਡੀਅਮਾਂ ਦੇ ਨਤੀਜੇ ਵੀ ਇਸ ਸਕੋਰ ਬੋਰਡ ਤੇ ਕੰਮਪਿਊਟਰ ਟਰਮਿਨਲ ਰਾਹੀਂ ਉਸੇ ਵੇਲੇ ਦਸੇ ਜਾਣਗੇ। ਰਾਤ ਨੂੰ ਜਿੰਨੇ ਵੀ ਮੁਕਾਬਲੇ ਹੋਣਗੇ, ਉਸ ਲਈ ਫਲਡ ਲਾਈਟ ਦਾ ਇੰਤਜ਼ਾਮ ਕੀਤਾ ਗਿਆ ਹੈ।

ਨਹਿਰੂ ਸਟੇਡੀਅਮ ਵਿਚ ਇਕ ਆਧੁਨਿਕ ਮੈਡੀਕਲ ਯੂਨਿਟ, ਕਪੜੇ ਬਦਲਣ ਵਾਲੇ ਕਮਰੇ, ਲਾਕਰਸ, ਮਸਾਜ ਰੂਮ, ਕੈਫੇਟੇਰਿਆ ਅਤੇ ਖਾਣ ਖਾਣ ਦੀਆਂ ਸਹੂਲਤਾਂ ਉਪਲਬਧ ਹਨ ਵਾਰਮਿੰਗ-ਅਪ ਵਾਸਤੇ ਇਕ ਚਾਰ ਲੇਨ ਵਾਲਾ ਟਰੈਕ ਬਣਾਇਆ ਗਿਆ ਹੈ। ਪੂਰਬੀ ਸਟੈਂਡ ਵਲ ਇਕ ਥਾਂ ਤੇ 'ਪਵਿਤਰ ਅੱਗ' ਏਸ਼ਿਆਈ ਖੇਡਾਂ ਦੇ ਦੌਰਾਨ ਚਲਦੀ ਰਹੇਗੀ। ਅੰਤਰਰਾਸ਼ਟਰੀ ਟੈਲੀਫੂਨ ਕਰਨ ਦੀ ਵੀ ਸਹੂਲਤ ਦਾ ਇੰਤਜ਼ਾਮ ਹੈ।

ਮੈਦਾਨ ਦੇ ਆਸੇ ਪਾਸੇ ਪੰਜ ਮੀਟਰ ਦਾ ਰਸਤਾ ਬਣਾਇਆ ਗਿਆ ਹੈ ਤਾਂ ਕਿ ਖੇਡ ਨਾਲ ਸਬੰਧਤ ਅਧਿਕਾਰੀਆਂ, ਪ੍ਰੈਸ ਫੋਟੋਗਰਾਫਰਾਂ ਆਦਿ ਨੂੰ ਚਲਣ ਫਿਰਨ ਵਿਚ ਕੋਈ ਤਕਲੀਫ ਨਾ ਪੇਸ਼ ਆਏ।

ਸਟੇਡੀਅਮ ਬਣਾਉਣ ਵਾਲੇ ਜਿਨ੍ਹਾਂ ਨੂੰ ਕਿ ਦਿੱਲੀ ਦੀਆਂ ਟਰੈਫਿਕ ਮੁਸ਼ਕਲਾਂ ਦਾ ਪਤਾ ਹੈ, ਨੇ 2700 ਕਾਰਾਂ, 3000 ਸਕੂਟਰ, 200 ਟੈਕਸੀਆਂ, 400 ਆਟੋ ਰਿਕਸ਼ਾ ਅਤੇ 52 ਬੱਸਾਂ, ਜੋ ਕਿ ਖਿਡਾਰੀਆਂ ਨੂੰ ਲਿਆਉਣ ਵਾਸਤੇ ਹਨ, ਦੇ ਖੜੇ ਹੋਣ ਦਾ ਉਚਿਤ ਪ੍ਰਬੰਧ ਕੀਤਾ ਹੈ। ਇਸ ਸਟੇਡੀਅਮ ਉਪਰ 150 ਲਖ ਇੱਟਾਂ, 21000 ਟਨ ਸੀਮਿੰਟ, 6700 ਟਨ ਸਟੀਲ ਤਾਰਾਂ, 1000 ਟਨ ਸਟੀਲ ਅਤੇ 4500 ਕਿਲੋਵਾਟ ਬਿਜਲੀ ਲਗੀ ਹੈ। ਇਸ ਸਟੇਡੀਅਮ ਉਪਰ 17 ਕਰੋੜ ਰੁਪੈ ਖਰਚ ਹੋਣ ਦਾ ਅਨੁਮਾਨ ਹੈ।

ਇਹ ਸਟੇਡੀਅਮ ਖੇਡ ਪਿੰਡ ਤੋਂ ਕੋਈ ਚਾਰ ਕਿਲੋਮੀਟਰ ਦੀ ਦੂਰੀ ਤੇ ਹੈ।

● ਗੁਰਸ਼ਰਨ ਸਿੰਘ

'ਮੁਹਬਤ ਔਰ ਦੋਸਤੀ ਕੇ ਸਾਥ'

ਨਵੀਂ ਦਿੱਲੀ, 24 ਨਵੰਬਰ—(ਪੀ. ਟੀ. ਆਈ.) ਪਾਕਿਸਤਾਨ ਦਸਤੇ ਦੇ ਸੁਖੀ ਜੈਨਰਲ ਕਮਰ ਅਲੀ ਮਿਰਜ਼ਾ ਨੇ ਸੁਝਾ ਦਿੱਤਾ ਹੈ ਕਿ ਹਿੰਦ-ਪਾਕ ਦੋਸਤੀ ਮਜ਼ਬੂਤ ਕਰਨ ਲਈ ਦੋਹਾਂ ਦੇਸ਼ਾਂ ਵਿਚਾਲੇ ਦੋਸਤਾਨਾ ਮੈਚ ਅਕਸਰ ਹੋਣੇ ਚਾਹੀਦੇ ਹਨ।

ਇਹ ਸੁਝਾ ਉਨ੍ਹਾਂ ਏਸ਼ੀਆ ਪਿੰਡ ਦੇ ਮੇਅਰ ਐਚ. ਕੇ. ਐਲ. ਭਗਤ ਨੂੰ ਮਿਲਣ ਸਮੇਂ ਦਿੱਤਾ। ਉਨ੍ਹਾਂ ਮੇਅਰ ਨੂੰ ਸੋਵੀਨਾਰ ਵੀ ਭੇਂਟ ਕੀਤਾ।

ਉਹਨਾਂ ਕਿਹਾ ਪਾਕਿਸਤਾਨ ਵਲੋਂ ਏਸ਼ੀਆਡ ਵਿਚ ਹਿੱਸਾ ਲੈਣ ਨਾਲ ਸੰਬੰਧ ਹੋਰ ਸੁਧਰੇ ਹਨ।

ਸ੍ਰੀ ਭਗਤ ਨੇ ਉਹਨਾਂ ਨੂੰ ਏਸ਼ੀਆਡ ਪਿੰਡ ਦੀ ਕੁੰਜੀ ਤੇ ਇਕ ਕਾਰਡ ਜਿਸ ਵਿਚ ਉਕਰਿਆ ਹੋਇਆ ਸੀ : 'ਮੁਹੱਬਤ ਔਰ ਦੋਸਤੀ ਕੇ ਸਾਥ' ਭੇਂਟ ਕੀਤਾ।

ਸਕੋਰ ਬੋਰਡ ਕੰਮ ਕਰਨੋਂ ਹਟ ਗਿਆ

ਨਵੀਂ ਦਿਲੀ, 21 ਨਵੰਬਰ (ਯੂ. ਐਨ. ਆਈ)—ਹਾਂਗਕਾਂਗ ਤੇ ਮਲੇਸ਼ੀਆ ਦਰਮਿਆਨ ਖੇਡੇ ਗਏ ਮਹਿਲਾਂ ਹਾਕੀ ਮੈਚ ਸਮੇਂ ਸੀਕੋ ਦਾ ਦਾ ਇਲੈਕਟ੍ਰਾਨਿਕ ਸਕੋਰ-ਬੋਰਡ ਅਤੇ ਘੜੀ ਕੰਮ ਕਰਨੋਂ ਹਟ ਗਏ।

ਸ਼ਿਵਾਜੀ ਸਟੇਡੀਅਮ ਦੀ ਪ੍ਰਬੰਧਕ ਸ੍ਰੀਮਤੀ ਵਿਦਿਆ ਸਟੋਕਸ ਨੇ ਦਸਿਆ ਕਿ ਬਰਾਮਦੀ ਸਕੋਰ ਬੋਰਡ ਤੇ ਘੜੀ ਦੇ ਕੰਮ ਨਾ ਕਰਨ ਬਾਰੇ ਵਿਸ਼ੇਸ਼ ਜਥੇਬੰਦਕ ਕਮੇਟੀ ਨੂੰ ਰੀਪੋਰਟ ਕਰ ਦਿਤੀ ਗਈ।

ਮਹਿਲਾ ਹਾਕੀ 'ਚ ਹਿੰਦ ਦਾ ਸੋਨ ਤਮਗਾ ਯਕੀਨੀ

ਜਪਾਨ ਨੂੰ 3-0 ਨਾਲ ਹਰਾਇਆ--ਰਾਜਬੀਰ ਛਾਈ ਰਹੀ

ਨਵੀਂ ਦਿੱਲੀ, (ਯੂ. ਐਨ. ਆਈ.) ਏਸ਼ੀਆ ਚੈਂਪੀਅਨ ਹਿੰਦ ਦੀ ਮਹਿਲਾ ਟੀਮ ਨੇ ਅਜ ਸ਼ਿਵਾ ਜੀ ਸਟੇਡੀਅਮ ਵਿਚ ਇਕ ਲਹੂ ਗਰਮਾਊ ਮੈਚ ਵਿਚ ਜਪਾਨ ਨੂੰ ਸਿਫਰ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਹਰਾ ਕੇ ਸੋਨ ਤਮਗਾ ਹਾਸਲ ਕਰਨਾ ਯਕੀਨੀ ਬਣਾ ਲਿਆ।

ਦਰਸ਼ਕਾਂ ਨਾਲ ਭਰੇ ਸਟੇਡੀਅਮ ਵਿਚ ਸੈਂਟਰ ਫਾਰਵਰਡ ਰਾਜਬੀਰ ਕੌਰ ਅਜ ਫੇਰ ਕੇਂਦਰ ਬਿੰਦੂ ਬਣੀ ਰਹੀ। ਉਸ ਨੇ ਦੋ ਗੋਲ ਕੀਤੇ।

ਪ੍ਰਧਾਨ ਮੰਤਰੀ ਨੇ ਵੀ ਪੰਜ ਮਿੰਟ ਮੈਚ ਦੇਖਿਆ।

ਮਲੇਸ਼ੀਆ ਜੇਤੂ

ਅਜ ਮਲੇਸ਼ੀਆ ਨੇ ਹਾਂਗਕਾਂਗ ਨੂੰ ਸਿਫਰ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਹਰਾ ਦਿੱਤਾ। ਤਿੰਨੇ ਗੋਲ ਸੈਂਟਰ ਫਾਰਵਰਡ ਮੈਰੀ ਨੇ ਕੀਤੇ।

ਹਾਂਗਕਾਂਗ ਕੱਲ੍ਹ ਆਪਣੇ ਪਹਿਲੇ ਮੈਚ ਵਿਚ ਹਿੰਦ ਤੋਂ 22 ਗੋਲਾਂ ਨਾਲ ਹਰਾਇਆ ਸੀ।

ਮੈਰੀ ਨੇ ਪਹਿਲਾ ਗੋਲ ਪਹਿਲੇ ਮਿੰਟ ਵਿਚ ਪੈਨਾਲਟੀ ਕਾਰਨਰ ਨਾਲ ਕੀਤਾ। ਦੂਜਾ ਤੇ ਤੀਜਾ ਫੀਲਡ ਗੋਲ ਪੰਜਵੇਂ ਤੇ 25ਵੇਂ ਮਿੰਟ ਵਿਚ ਕੀਤਾ।

ਦੂਜੇ ਅੱਧ ਵਿਚ ਹਾਂਗਕਾਂਗ ਨੇ ਆਪਣੀ ਰਖਿਆ ਏਨੀ ਬਹਾਦਰੀ ਨਾਲ ਕੀਤੀ ਕਿ ਮਲੇਸ਼ੀਆ ਕੋਈ ਗੋਲ ਨਾ ਕਰ ਸਕਿਆ। ਪਰ ਹਾਂਗਕਾਂਗ ਦੀ ਟੀਮ ਵੀ ਮਲੇਸ਼ੀਆ ਦੀ ਰਖਿਆ ਪੰਕਤੀ ਨੂੰ ਪਾਰ ਕਰਨ ਵਿਚ ਕਦੀ ਵੀ ਸਫਲ ਨਹੀਂ ਹੋਈ।

ਇਕ ਹੋਰ ਮੈਚ ਵਿਚ ਦੱਖਣੀ ਕੋਰੀਆ ਨੇ ਸਿੰਘਾਪੁਰ ਨੂੰ ਸਿਫਰ ਦੇ ਮਕਾਬਲੇ ਇਕ ਗੋਲ ਨਾਲ ਹਰਾਇਆ।

ਬਾਸਕਟ ਬਾਲ 'ਚ ਹਿੰਦ ਨੇ ਯੂ.ਏ. ਈ. ਨੂੰ ਹਰਾਇਆ

ਨਵੀਂ ਦਿੱਲੀ—ਬਾਸਕਟ ਬਾਲ ਦੇ ਗਰੁਪ 'ਡੀ' ਦੇ ਇਕ ਮੈਚ ਵਿਚ ਹਿੰਦ ਨੇ ਸੰਯੁਕਤ ਅਰਬ ਅਮੀਰਾਤ ਨੂੰ 98-59 ਗੋਲਾਂ ਨਾਲ ਹਰਾਇਆ। ਉਹ ਅੱਧ ਤਕ 34-26 ਨਾਲ ਅੱਗੇ ਸੀ।

ਗਰੁਪ 'ਬੀ' ਵਿਚ ਕੁਵੈਤ ਨੇ ਬਹਿਰੀਨ ਨੂੰ 111-83 ਨਾਲ ਹਰਾਇਆ।

ਅੱਧ ਤਕ ਮੁਕਾਬਲਾ ਫਸਵਾਂ ਸੀ ਜਦੋਂ ਖੇਡ 44-38 ਗੋਲਾਂ ਤੇ ਸੀ।

ਫੁਟਬਾਲ:

ਨਵੀਂ ਦਿਲੀ. (ਪੀ. ਟੀ. ਆਈ., ਯੂ. ਐਨ. ਆਈ.)—ਖਿਤਾਬ ਜਿਤਣ ਲਈ ਹਰਮਨ ਪਿਆਰੀ ਈਰਾਨੀ ਫੁਟਬਾਲ ਟੀਮ ਨੂੰ ਸਿਫਰ ਦੇ ਮੁਕਾਬਲੇ ਇਕ ਗੋਲ ਨਾਲ ਹਰਾਕੇ ਜਪਾਨ ਨੇ ਸਨਸਨੀ ਪੈਦਾ ਕਰ ਦਿਤੀ।

ਮਾਹਲਪੁਰ ਫੁਟਬਾਲ : ਖਾਲਸਾ ਕਾਲਜ ਦੀ ਮੁਹਾਲੀ ਹਥੋਂ ਹਾਰ

ਮਾਹਲਪੁਰ (ਪਤਰ ਪ੍ਰੇਰਕ)—ਹਰਭਜਨ ਸਿੰਘ ਮੈਮੋਰੀਅਲ ਫੁਟਬਾਲ ਟੂਰਨਾਮੈਂਟ ਦੇ ਦੂਜੇ ਦਿਨ ਅਜ ਮੁਹਾਲੀ ਕਲਬ ਨੇ ਲਾਇਲਪੁਰ ਖਾਲਸਾ ਕਾਲਜ ਨੂੰ 4-0, ਪਟਿਆਲਾ ਪੁਲਸ ਨੇ ਡੀ. ਏ. ਵੀ. ਕਾਲਜ ਨੂੰ 2-0 ਤੇ ਹਰਭਜਨ ਸਪੋਰਟਿੰਗ ਕਲਬ ਮਾਹਲਪੁਰ ਨੇ ਐਸ. ਐਨ. ਕਾਲਜ ਬੰਗਾ ਨੂੰ 3-1 ਨਾਲ ਹਰਾਇਆ।

ਖੇਡਾਂ ਵਿਚ ਹਰ ਉਮਰ--ਹਮ ਉਮਰ

ਨਵੀਂ ਦਿਲੀ, (ਯੂ. ਐਨ. ਆਈ.) ਏਸ਼ਿਆਡ ਹਾਕੀ ਵਿਚ ਸਭ ਤੋਂ ਵੱਡੀ ਉਮਰ ਦੀ ਖਿਡਾਰਨ ਮਲੇਸ਼ੀਆ ਦੀ ਡਾਫਨੇ ਬਾਉਡੇਵੀਲੇ ਹੈ। ਉਹ 41 ਸਾਲਾਂ ਦੀ ਹੈ।

ਹਾਫਲਾਈਨ ਵਿਚ ਖੇਡਣ ਵਾਲੀ ਡਾਫਨੇ ਕੌਮਾਂਤਰੀ ਮੁਕਾਬਲੇ ਵਿਚ ਤੀਜੀ ਵਾਰ ਹਿੱਸਾ ਲੈ ਰਹੀ ਹੈ।

ਹਾਕੀ ਦੀ ਸਭ ਤੋਂ ਛੋਟੀ ਉਮਰ ਦੀ ਖਿਡਾਰਨ ਦਖਣੀ ਕੋਰੀਆ ਦੀ ਹਾਫ ਬੈਕ ਵੋਏ ਨਾਮ ਲੀ ਹੈ। ਹਾਈ ਸਕੂਲ ਦੀ ਵਿਦਿਆਰਥਣ ਲੀ 16 ਸਾਲਾਂ ਦੀ ਹੈ।

ਹਿੰਦ ਦੀ ਹਾਕੀ ਟੀਮ ਵਿਚ ਸਭ ਤੋਂ ਛੋਟੀ ਉਮਰ ਦੀਆਂ ਖਿਡਾਰਨਾਂ ਸੈਂਟਰ ਫਾਰਵਰਡ ਰਾਜਬੀਰ ਕੌਰ ਤੇ ਗੋਲਕੀਪਰ ਪ੍ਰਿਤਪਾਲ ਕੋਹਲੀ ਹਨ। ਉਹ 18 ਸਾਲਾਂ ਦੀਆਂ ਹਨ।

ਸਭ ਤੋਂ ਕਮਜ਼ੋਰ ਹਾਂਗਕਾਂਗ ਟੀਮ ਵਿਚ ਇਕ ਖਿਡਾਰਨ ਰਿਸਪੈਸ਼ਨਿਸਟ, ਇਕ ਕੇਟਰਰ (ਖਾਣ-ਪੀਣ ਦਾ ਪ੍ਰਬੰਧ ਕਰਨ ਵਾਲੀ), ਇਕ ਅਕਾਊਂਟਸ ਕਲਰਕ ਤੇ ਦੋ ਅਧਿਆਪਕਾਵਾਂ ਤੇ ਇਕ ਐਗਜ਼ੈਕਟਿਵ ਅਫਸਰ।

ਖਿਡਾਰੀ ਖਾਣਗੇ ਹੀ....

ਨਵੀਂ ਦਿਲੀ, (ਪੀ. ਟੀ. ਆਈ.)—5 ਹਜ਼ਾਰ ਖਿਡਾਰੀਆਂ ਤੇ ਅਧਿਕਾਰੀਆਂ ਲਈ ਏਸ਼ੀਆਡ ਖੇਡ ਪਿੰਡ ਦੀ ਰਸੋਈ ਰੋਜ਼ਾਨਾ ਇਕ ਲਖ ਕਿਲੋਗਰਾਮ ਭੋਜਨ ਤੇ ਫਲ ਪਰੋਸਦੀ ਹੈ।

ਭਾਰਤੀ ਸੈਰ ਸਪਾਟਾ ਤੇ ਵਿਕਾਸ ਨਿਗਮ ਰਸੋਈ ਨੂੰ ਰੋਜ਼ਾਨਾ 20 ਹਜ਼ਾਰ ਅੰਡੇ, 10 ਹਜ਼ਾਰ ਲਿਟਰ ਦੁਧ, 4 ਹਜ਼ਾਰ ਕਪ ਦਹੀਂ, 10 ਹਜ਼ਾਰ ਕਪ ਆਈਸ ਕਰੀਮ, 10 ਹਜ਼ਾਰ ਅਨਾਨਾਸ ਅਤੇ 10 ਹਜ਼ਾਰ ਸੇਬ ਸਪਲਾਈ ਕਰਦੀ ਹੈ।

ਪਿੰਡ ਵਿਚ ਮੀਟ ਦੀ ਰੋਜ਼ਾਨਾ ਖਪਤ 2500 ਕਿਲੋ, ਚਿਕਨ ਦੀ 2 ਹਜ਼ਾਰ ਕਿਲੋ, ਝੀਂਗਾ ਮਛਲੀ ਦੀ 12 ਹਜ਼ਾਰ ਕਿਲੋ, ਆਲੂਆਂ ਦੀ ਇਕ ਹਜ਼ਾਰ ਕਿਲੋ ਟਮਾਟਰਾਂ ਦੀ 500 ਕਿਲੋ, ਬੀਫ ਦੀ 2500 ਕਿਲੋ ਅਤੇ ਮਛੀ ਦੀ 2200 ਕਿਲੋ ਹੈ। 20 ਹਜ਼ਾਰ ਰੋਟੀਆਂ ਵਰਤਾਈਆਂ ਜਾਂਦੀਆਂ ਹਨ।

ਹਰ ਐਥਲੀਟ ਨੂੰ 5 ਹਜ਼ਾਰ ਕੈਲੋਰੀ ਖੁਰਾਕ ਦੇਣੀ ਪੈਂਦੀ ਹੈ।

ਖਾਣੇ ਦੀ ਸਭ ਤਾਰੀਫ ਕਰਦੇ ਹਨ।

ਵਾਲੀਬਾਲ ਦੇ ਨਤੀਜੇ

ਨਵੀਂ ਦਿੱਲੀ, (ਪੀ. ਟੀ. ਆਈ.)—ਵਾਲੀਬਾਲ ਦੇ ਗਰੁਪ 'ਏ' ਵਿਚ ਇੰਡੋਨੇਸ਼ੀਆ ਨੇ ਅਜ ਸਾਊਦੀ ਅਰਬ ਨੂੰ 15-5, 15-7, 7-15, 15-5 ਨਾਲ ਹਰਾਇਆ।

ਦੱਖਣੀ ਯਮਨ ਨੇ ਗਰੁਪ 'ਸੀ' ਵਿਚ ਹਾਂਗਕਾਂਗ ਨੂੰ 15-5, 10-15, 15-6, 15-11 ਨਾਲ ਹਰਾਇਆ।

ਹਾਂਗਕਾਂਗ ਕਲ੍ਹ ਕਤਰ ਤੋਂ ਵੀ 13-15, 15-11, 13-15 ਤੇ 8-15 ਨਾਲ ਹਾਰ ਗਿਆ ਸੀ।

ਗਰੁਪ 'ਡੀ' ਵਿਚ ਚੀਨ ਨੇ ਇਰਾਕ ਨੂੰ 15-4, 15-1, 15-3 ਨਾਲ ਹਰਾਇਆ।

ਵੇਸਵਾਵਾਂ ਵੀ ਏਸ਼ੀਆਡ'ਚ ਕਿਸਮਤ ਅਜ਼ਮਾਉਣਗੀਆਂ

ਬੰਬਈ-ਅੱਜ ਕਲ ਏਸ਼ੀਆਡ ਲਈ ਇਕ ਖਾਸ ਮੁਕਾਬਲੇ ਦੀ ਤਿਆਰੀ ਜ਼ੋਰ ਸ਼ੋਰ ਨਾਲ ਕੀਤੀ ਜਾ ਰਹੀ ਹੈ। ਇਸ ਮੁਕਾਬਲੇ ਵਿਚ "ਜੇਬ ਵਿਚ ਹਥ ਪਾਓ ਅਤੇ ਫੁਰਤੀ ਨਾਲ ਰਫੂ ਚੱਕਰ ਹੋ ਜਾਓ" ਦੇ ਕਰਤੱਬ ਦੇਖਣ ਨੂੰ ਮਿਲਣਗੇ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਹ ਮੁਕਾਬਲੇ ਖਿਡਾਰੀਆਂ ਦੇ ਵਿਚ ਨਹੀਂ ਹੋਣਗੇ।

ਅਸਲ ਵਿਚ ਇਸ 'ਮੁਕਾਬਲੇ' ਵਿਚ ਦੇਸ਼ ਭਰ ਦੇ ਖਾਸ ਤੌਰ ਤੇ ਦਿੱਲੀ ਅਤੇ ਬੰਬਈ ਦੇ ਅਪਰਾਧੀ ਅੱਡੀ ਜੋਟੀ ਦਾ ਜ਼ੋਰ ਲਾਉਣ ਅਤੇ ਇਥੋਂ ਤਕ ਕਿ ਖੂਨ ਦੀਆਂ ਨਦੀਆਂ ਤਕ ਵਹਾਉਣ ਲਈ ਤੁਲੇ ਹੋਏ ਹਨ। ਰਾਜਧਾਨੀ ਵਿਚ ਜਾਣਕਾਰ ਸੂਤਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਦਿੱਲੀ ਦੇ ਅਪਰਾਧੀ ਆਪਣੇ ਇਲਾਕਿਆਂ ਵਿਚ ਬਾਹਰ ਦੇ, ਬੰਬਈ ਦੇ ਕਰਾਈਮ ਬਾਦਸ਼ਾਹਾਂ ਵਲੋਂ ਕਬਜ਼ਾ ਕਰਨ ਦੀ ਕੋਸ਼ਿਸ਼ ਕਾਰਨ ਬੇਹੱਦ ਗੁੱਸੇ ਵਿਚ ਹਨ।

ਬਦਨਾਮ ਦੁਨੀਆਂ ਦੇ ਸੂਤਰਾਂ ਅਨੁਸਾਰ ਦਰਮਿਆਨੇ ਕਰਜ਼ੇ ਦੇ ਸਥਾਨਕ ਦਾਦਾ ਦਿੱਲੀ ਪੁੱਜ ਗਏ ਹਨ ਅਤੇ ਉਹ ਇਥੋਂ ਦੇ "ਦਾਦਿਆਂ" ਤੋਂ ਏਸ਼ੀਆਈ ਖੇਡਾਂ ਵਿਚ ਆਪਣੇ 'ਕਰਤੱਬ' ਦਿਖਾਉਣ ਦੀ ਆਗਿਆ ਮੰਗ ਰਹੇ ਹਨ। ਦੋਹਾਂ ਸ਼ਹਿਰਾਂ ਵਿਚ ਅਪਰਾਧੀਆਂ ਵਿਚਕਾਰ ਸਮਝੌਤੇ ਦਾ ਆਧਾਰ "ਲੈ ਅਤੇ ਦੇ" ਹੋਵੇਗਾ ਪਰ ਦਿੱਲੀ ਦੇ ਕਰਾਈਮ ਬਾਦਸ਼ਾਹ ਬੰਬਈ ਦੇ ਦਾਦਿਆਂ ਨੂੰ ਆਪਣੇ ਇਲਾਕਿਆਂ ਵਿਚ ਆਉਣ ਦੀ ਆਗਿਆ ਦੇਣ ਲਈ ਬਿਲਕੁਲ ਤਿਆਰ ਨਹੀਂ ਹਨ। ਇਥੋਂ ਤਕ ਕਿ ਉਹ ਭਾਰੀ ਰਾਇਲਟੀ ਦੇ ਬਦਲੇ ਵਿਚ ਵੀ ਅਜਿਹਾ ਕਰਨ ਨੂੰ ਤਿਆਰ ਨਹੀਂ ਹਨ।

ਅਪਰਾਧੀਆਂ ਦੇ ਇਲਾਕੇ ਵਿਚ ਆਪਣੀ ਧਾਂਕ ਜਮਾਈ ਰੱਖਣ ਲਈ ਦਿੱਲੀ ਦੇ ਦਾਦਾ ਕੁਝ ਵੀ ਕਰਨ ਲਈ ਤਿਆਰ ਹਨ ਅਤੇ ਲਗਦਾ ਹੈ ਕਿ ਪੁਲਸ ਕਮਿਸ਼ਨਰ ਸ਼੍ਰੀ ਬਜਰੰਗ ਲਾਲ ਨੂੰ ਆਪਣਾ ਧਿਆਨ ਅੰਤਰ-ਰਾਸ਼ਟਰੀ ਦਹਿਸ਼ਤ ਪਸੰਦਾਂ ਅਤੇ ਅਪਰਾਧੀਆਂ ਤੋਂ ਹਟਾ ਕੇ ਸਥਾਨਕ ਗੁੰਡਿਆਂ ਦੇ ਕੇਂਦਰਤ ਕਰਨਾ ਹੋਵੇਗਾ।

ਅਸਲ ਵਿਚ ਏਸ਼ੀਆਡ ਵਿਚ ਬੰਬਈ ਦੇ ਨਾਮੀ ਅਪਰਾਧੀਆਂ ਅਤੇ ਬਦਮਾਸ਼ਾਂ ਦੇ ਦਿੱਲੀ ਚਲੇ ਜਾਣ ਕਾਰਨ ਬੰਬਈ ਦੀ ਪੁਲਸ ਅਤੇ ਉਥੋਂ ਦੇ ਨਾਗਰਿਕ ਭਾਰੀ [illegible] ਮਹਿਸੂਸ ਕਰ ਰਹੇ ਹਨ, ਕਿਉਂਕਿ ਇਥੋਂ ਦੇ ਅਨੇਕਾਂ ਇਲਾਕਿਆਂ ਵਿਚ ਹੋਣ ਵਾਲੀਆਂ ਮਾੜੀਆਂ ਵਾਰਦਾਤਾਂ ਵਿਚ ਵਰਨਣਯੋਗ ਕਮੀ ਹੋਈ ਹੈ।

ਵਧੇਰੇ ਜੇਬ ਕਤਰੇ ਬੰਬਈ ਛਡ ਕੇ ਦਿੱਲੀ ਵਿਚ ਸਰਗਰਮ ਹੋ ਗਏ ਹਨ। ਅਲੀ ਬਾਬਾ ਗਰੋਹ ਦੇ ਸਰਗਰਮ ਮੈਂਬਰ ਤੇ ਇਕ ਵਕੀਲ ਨੇ ਅੱਜ ਕਲ ਦਿੱਲੀ ਵਿਚ ਡੇਰੇ ਲਾਏ ਹੋਏ ਹਨ। ਇਹ ਮਹਾਂਰਥੀ ਅਜਿਹੀਆਂ 'ਢੁਕਵੀਆਂ' ਥਾਵਾਂ ਦੀ ਭਾਲ ਲਈ ਸ਼ਹਿਰ ਦਾ ਸਰਵੇ ਕਰ ਰਹੇ ਹਨ, ਜਿਥੇ ਉਹ ਆਰਾਮ ਨਾਲ ਆਪਣਾ ਕਮਾਲ ਦਿਖਾ ਕੇ ਆਪਣੀਆ ਕੀਮਤੀ ਚੀਜਾਂ ਤੋਂ ਹੱਥ ਧੋ ਬੈਠਣ ਤੋਂ ਬਾਅਦ, 'ਚ ਪ੍ਰੇਸ਼ਾਨ ਫਿਰਦੇ ਲੋਕਾਂ ਵਿਚ ਹੋਰ ਹਲਚਲ ਪੈਦਾ ਕਰ ਸਕਣ।

ਜੇਬ ਕਤਰਿਆਂ ਤੋਂ ਕਿਤੇ ਅੱਗੇ ਵਧ ਕੇ ਸਰੀਰ ਦੇ ਵਪਾਰ ਵਿਚ ਸ਼ਾਮਲ ਲੋਕ ਏਸ਼ੀਆਡ ਤੋਂ ਪਤਾ ਨਹੀਂ ਕਿੰਨੀਆਂ ਹੀ ਆਸਾਂ ਲਾਈ ਬੈਠੇ ਹਨ। ਉਨ੍ਹਾਂ ਨੂੰ ਯਕੀਨ ਹੈ ਕਿ ਏਸ਼ੀਆਡ ਵਿਚ ਆਉਣ ਵਾਲੇ ਦਰਸ਼ਕਾਂ ਤੋਂ ਉਹ ਚੰਗਾ 'ਲਾਭ' ਕਮਾ ਸਕਣਗੇ।

ਦਸਿਆ ਜਾਂਦਾ ਹੈ ਕਿ ਕਿ ਬੰਬਈ ਅਤੇ ਆਸ ਪਾਸ ਦੇ ਇਲਾਕਿਆਂ ਦੀਆਂ 500 ਦੇ ਲਗਪਗ ਵੇਸਵਾਵਾਂ ਅੱਜ ਕਲ ਦਿੱਲੀ ਵਿਚ ਸਰਗਰਮ ਹਨ। ਇਹ ਔਰਤਾਂ ਵਖ-ਵਖ ਚਕਲਿਆਂ ਨਾਲ ਸੰਬੰਧਤ ਹਨ।

ਗੁਲਾਬ ਸਿੰਘ ਵਲੋਂ ਵਿਸ਼ਵ ਰਿਕਾਰਡ



ਚੰਡੀਗੜ੍ਹ, (ਵਿ.ਪ੍ਰ.) —ਮੰਡੀ ਡਬਵਾਲੀ (ਹਰਿਆਣਾ) ਦੇ 77 ਸਾਲਾ ਬਜ਼ੁਰਗ ਐਥਲੀਟ ਸ: ਗੁਲਾਬ ਸਿੰਘ ਨੇ 100 ਮੀਟਰ ਦੀ ਦੌੜ ਵਿਚ ਆਪਣੀ ਉਮਰ ਦੇ ਗਰੁਪ ਵਿਚ ਵਿਸ਼ਵ ਰਿਕਾਰਡ ਤੋੜਿਆ ਹੈ। ਉਨ੍ਹਾਂ ਨੇ ਨਵਾਂ ਵਿਸ਼ਵ ਰਿਕਾਰਡ ਹਾਂਗਕਾਂਗ ਵਿਚ ਹਾਲ ਹੀ ਵਿਚ ਸਮਾਪਤ ਹੋਏ ਕੌਮਾਂਤਰੀ ਬਜ਼ੁਰਗ ਦੌੜਾਕ ਮੁਕਾਬਲਿਆਂ ਵਿਚ ਸਥਾਪਤ ਕੀਤਾ ਹੈ।

ਸ: ਗੁਲਾਬ ਸਿੰਘ ਨੇ 6 ਮੁਕਾਬਲਿਆਂ ਵਿਚ ਭਾਗ ਲਿਆ ਅਤੇ ਹਰ ਮੁਕਾਬਲੇ ਵਿਚ ਸੋਨੇ ਦਾ ਮੈਡਲ ਜਿਤਿਆ। ਉਨ੍ਹਾਂ ਨੇ 6 ਸੋਨੇ ਦੇ ਮੈਡਲ ਜਿੱਤ ਕੇ ਵੀ ਇਕ ਵਿਲੱਖਣ ਰਿਕਾਰਡ ਕਾਇਮ ਕੀਤਾ ਹੈ।

ਕੰਪੂਚੀਆ ਨੂੰ ਸੱਦਾ ਨਾ ਦੇਣ ਵਿਰੁਧ ਭਾਰੀ ਰੋਸ ਪ੍ਰਗਟ

ਨਵੀਂ ਦਿੱਲੀ,—ਏਸ਼ੀਆਈ ਖੇਡ ਫੈਡਰੇਸ਼ਨ ਦੇ ਸਾਰੇ ਮੈਂਬਰ ਦੇਸ਼ਾਂ ਨੇ 19 ਨਵੰਬਰ ਨੂੰ ਸ਼ੁਰੂ ਹੋਈਆਂ ਏਸ਼ੀਆਈ ਖੇਡਾਂ ਵਿਚ ਕੰਪੂਚੀਆਂ ਨੂੰ ਸ਼ਾਮਲ ਨਾ ਕੀਤੇ ਜਾਣ ਦੇ ਵਿਰੁਧ ਭਾਰੀ ਰੋਸ਼ ਪ੍ਰਗਟ ਕੀਤਾ।

ਸਾਰੇ ਸੰਬੰਧਤ ਯੂਨਿਟਾਂ, ਜਿਨ੍ਹਾਂ ਵਿਚ ਮੱਧ ਪੂਰਬੀ ਦੇਸ਼ਾਂ ਤੇ ਪ੍ਰਤੀਨਿਧ ਵੀ ਸ਼ਾਮਲ ਹਨ, ਨੇ ਵਿਚਾਰ ਪ੍ਰਗਟ ਕੀਤਾ ਹੈ ਕਿ ਰਾਸ਼ਟਰੀ ਓਲੰਪਿਕ ਕਮੇਟੀ, ਜੋ ਕਿ ਏਸ਼ੀਆਈ ਖੇਡ ਫੈਡਰੇਸ਼ਨ ਨਾਲ ਸੰਬੰਧਤ ਹੈ, ਨੂੰ ਜ਼ਰੂਰ ਸੱਦਾ ਦਿੱਤਾ ਜਾਣਾ ਚਾਹੀਦਾ ਸੀ।

ਮੰਗਲਵਾਰ ਨੂੰ ਹੋਈ ਫੈਡਰੇਸ਼ਨ ਦੀ ਮੀਟਿੰਗ ਵਿਚ ਇਸ ਵਿਸ਼ੇ ਤੇ ਕਾਫੀ ਝੜਪਾਂ ਹੋਈਆਂ ਪਰ ਫੈਡਰੇਸ਼ਨ ਪ੍ਰਧਾਨ ਰਾਜਾ ਭਲਿੰਦਰ ਸਿੰਘ ਨੇ ਸਥਿਤੀ ਤੇ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਏਸ਼ੀਆਈ ਖੇਡਾਂ ਫੈਡਰੇਸ਼ਨ ਅਤੇ ਖੇਡਾਂ ਦੇ ਹਿਤ ਲਈ ਹੀ ਕੰਪੂਚੀਆਂ ਨੂੰ ਸੱਦਾ ਨਾ ਦੇਣ ਦਾ ਫੈਸਲਾ ਲਿਆ ਗਿਆ ਹੈ।

ਏਸ਼ੀਆਡ'ਚ ਨਵੇਂ ਰਿਕਾਰਡ

ਤੀਰ ਅੰਦਾਜ਼ੀ

ਜਪਾਨ ਦੇ ਮਾਤਸੁਸ਼ੀਤਾ ਤੇ ਯਮਾਮਾਗੋ ਤੇ ਦਖਣੀ ਕੋਰੀਆ ਦੇ ਕਿਮ ਯੰਗ ਨੇ ਮਰਦਾਂ ਦੀ 90 ਮੀਟਰ ਤੀਰਅੰਦਾਜ਼ੀ ਵਿਚ ਕ੍ਰਮਵਾਰ 288, 297 ਤੇ 294 ਪੁਆਇੰਟ ਹਾਸਲ ਕਰਕੇ 1978 (ਬੰਕਾਕ) ਦਾ 293 ਪੁਆਇੰਟਾਂ ਦਾ ਰਿਕਾਰਡ ਤੋੜਿਆ।

—0—

ਇਸਤਰੀਆਂ ਦੀ 70 ਮੀਟਰ ਤੀਰ ਅੰਦਾਜ਼ੀ ਵਿਚ ਪਹਿਲੀਆਂ ਦਸਾਂ ਨੇ ਬੰਕਾਕ ਦਾ 292 ਪੁਆਇੰਟਾਂ ਦਾ ਰਿਕਾਰਡ ਤੋੜਿਆ। ਦਖਣੀ ਕੋਰੀਆ ਦੀ ਕਿਮ ਨੇ 320 ਪੁਆਇੰਟਾਂ ਨਾਲ ਪਹਿਲਾਂ ਤੇ ਹਿੰਦ ਦੀ ਕ੍ਰਿਸ਼ਨਾ ਦਾਸ ਨੇ 300 ਪੁਆਇਟਾਂ ਨਾਲ ਦਸਵਾਂ ਸਥਾਨ ਪ੍ਰਾਪਤ ਕੀਤਾ।

ਵੇਟ ਲਿਫਟਿੰਗ

56 ਕਿਲੋ ਕੈਟੇਗਰੀ ਵਿਚ ਚੀਨ ਦੇ ਸ਼ੁਦੇ ਵੂ ਨੇ 122.5 ਕਿਲੋ ਭਾਰ ਚੁਕ ਕੇ ਸਨੈਚ ਵਿਚ ਨਵਾਂ ਏਸ਼ੀਆਈ ਰਿਕਾਰਡ ਕਾਇਮ ਕੀਤਾ। ਉਸ ਨੇ ਇਹ ਰਿਕਾਰਡ 12.5 ਕਿਲੋ ਵਧ ਚੁਕ ਕੇ ਤੋੜਿਆ। ਪਹਿਲਾ ਰਿਕਾਰਡ 1974 ਵਿਚ ਜਪਾਨ ਦੇ ਕੇ. ਐਂਡੋ ਦਾ 110 ਕਿਲੋ ਦਾ ਸੀ।

ਵੂ ਨੇ ਪਿਛਲੇ ਸਾਲ ਜਪਾਨ ਵਿਚ ਇਸ ਵਾਰ ਨਾਲੋਂ ਵੀ 4 ਕਿਲੋ ਵਧ ਭਾਰ ਚੁਕਿਆ ਸੀ।

ਸਾਈਕਲ ਦੌੜ

ਦੱਖਣੀ ਕੋਰੀਆ ਦੀ ਟੀਮ ਨੇ 100 ਕਿਲੋਮੀਟਰ ਸਾਈਕਲ ਦੌੜ 2 ਘੰਟੇ 20 ਮਿਟ 39.42 ਸਕਿੰਟਾਂ ਵਿਚ ਪੂਰੀ ਕਰਕੇ ਬੰਕਾਕ ਵਿਚ★

ਤਮਗਿਆਂ ਦਾ ਵੇਰਵਾ

ਦੇਸ਼	ਸੋਨਾ	ਚਾਂਦੀ	ਕਾਂਸੀ
ਜਪਾਨ	6	4	2
ਚੀਨ	1	4	3
ਉਤਰੀ ਕੋਰੀਆ	—	1	1
ਦੱਖਣੀ ਕੋਰੀਆ	1	—	1
ਇੰਡੋਨੇਸ਼ੀਆ	—	—	1
ਈਰਾਕ	—	—	1
ਫਿਲਪਾਈਨ	1	—	—

ਹਾਕੀ

ਮਲੇਸ਼ੀਆ ਦੀ ਜਿਤ

ਪੂਲ 'ਬੀ' ਵਿਚ ਮਲੇਸ਼ੀਆ ਨੇ ਬੰਗਲਾ ਦੇਸ਼ ਨੂੰ 7-0 ਨਾਲ ਹਰਾਇਆ।

ਨਵੀਂ ਦਿਲੀ 21 ਨਵੰਬਰ-(ਯੂ. ਐਨ. ਆਈ.) ਪਾਕਿਸਤਾਨ ਨੇ ਹਾਕੀ ਦੇ ਪੂਲ 'ਏ' ਦੇ ਆਪਣੇ ਪਹਿਲੇ ਮੈਚ ਵਿਚ ਅਜ ਚੀਨ ਨੂੰ ਸਿਫਰ ਦੇ ਮੁਕਾਬਲੇ 6 ਗੋਲਾਂ ਨਾਲ ਹਰਾਇਆ। ਇਹਨਾਂ ਵਿਚੋਂ 4 ਸੈਂਟਰ ਫਾਰਡ ਹਸਨ ਸਰਦਾਰ ਨੇ ਕੀਤੇ।

ਪੰਜਾਬ ਹਾਕੀ ਟਰਾਫੀ ਜਿੱਤੀ

ਮੋਗਾ— ਭੁਪਿੰਦਰਾ ਖਾਲਸਾ ਹਾਇਰ ਸੈਕੰਡਰੀ ਸਕੂਲ ਸਟੇਡੀਅਮ ਅੰਦਰ ਕਾਰਵਈ ਗਈ 28ਵੀਂ ਪੰਜਾਬ ਰਾਜ ਸਕੂਲ ਅੰਤਰ ਜ਼ਿਲਾ ਹਾਕੀ ਚੈਂਪੀਅਨਸ਼ਿਪ ਦੌਰਾਨ ਇਸ ਵਾਰ ਮੁੜ ਸਪੋਰਟਸ ਵਿੰਗ ਨੂੰ 1-0 ਨਾਲ ਹਰਾ ਕੇ ਟਰਾਫੀ ਹਾਸਲ ਕਰ ਲਈ ਹੈ।

ਇਹ ਮੈਚ ਬਹੁਤ ਹੀ ਸੰਘਰਸ਼ਪੂਰਨ ਸੀ। ਦੋਵਾਂ ਟੀਮਾਂ ਨੂੰ 6-6 ਪੈਨਲਟੀ ਕਾਰਨਰ ਦੇ ਅਵਸਰ ਮਿਲੇ ਪ੍ਰੰਤੂ ਦੋਵੇ ਟੀਮਾਂ ਇਨ੍ਹਾਂ ਅਵਸਰਾਂ ਦਾ ਫਾਇਦਾ ਨਾ ਉਠਾ ਸਕੀਆਂ ਜੇਤੂ ਟੀਮ ਵਲੋਂ ਮੈਚ ਦਾ ਇਕੋ ਇਕ ਗੋਲ ਇਨ ਸਾਈਡ ਰਾਈਟ ਜਸਬੀਰ ਸਿੰਘ ਨੇ ਪੈਨਲਟੀ ਸਟਰੋਕ ਤੋਂ ਕੀਤਾ।

ਲੜਕੀਆਂ ਦੇ ਸੈਸ਼ਨ ਵਿਚ ਨਹਿਰੂ ਗਾਰਡਨ ਰੋਡ, ਜਲੰਧਰ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਸਪੋਰਟਸ ਵਿੰਗ ਨੇ ਵੀ ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ, ਅੰਮ੍ਰਿਤਸਰ ਸਪੋਰਟਸ ਵਿੰਗ ਨੂੰ 1-0 ਨਾਲ ਹਰਾ ਕੇ ਹੀ ਚੈਂਪੀਅਨਸ਼ਿਪ ਜਿੱਤੀ।

ਅੰਤਰ ਕਾਲਿਜ ਮਹਿਲਾ ਹਾਕੀ ਮੁਕਾਬਲੇ 6 ਤੋਂ

ਅੰਮ੍ਰਿਤਸਰ, -ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਤਰ ਕਾਲਜ ਮਹਿਲਾ ਹਾਕੀ ਮੁਕਾਬਲੇ ਯੂਨੀਵਰਸਿਟੀ ਕੈਂਪਸ ਵਿਖੇ 6 ਤੇ 7 ਦਸੰਬਰ ਨੂੰ ਕਰਵਾਏ ਜਾਣਗੇ। ਯੂਨੀਵਰਸਿਟੀ ਦੀ ਮਹਿਲਾ ਹਾਕੀ ਟੀਮ ਦੀ ਚੋਣ 7 ਦਸੰਬਰ ਨੂੰ ਫਾਈਨਲ ਮੈਚ ਦੇ ਤੁਰੰਤ ਬਾਅਦ ਕੀਤੀ ਜਾਵੇਗੀ। ਇਹ ਜਾਣਕਾਰੀ ਅੱਜ ਇਥੇ ਯੂਨੀਵਰਸਿਟੀ ਦੇ ਖੇਡਾਂ ਬਾਰੇ ਡਾਇਰੈਕਟਰ, ਡਾ: ਐਮ. ਐਸ. ਸੰਧੂ ਵਲੋਂ ਦਿੱਤੀ ਗਈ।

ਨਿੱਕੀ ਪਰ ਤਿੱਖੀ

ਨਵੀਂ ਦਿੱਲੀ (ਟੀ. ਪੀ. ਐਸ.) : ਆਸ਼ੀਆ ਸਰਾਬੀ ਏਸ਼ੀਆਈ ਖੇਡਾਂ ਦੇ ਟੇਬਲ ਟੈਨਿਸ ਮੁਕਾਬਲਿਆਂ ਵਿਚ ਭਾਗ ਲੈਣ ਵਾਲੀ ਸਭ ਤੋਂ ਨੰਨ੍ਹੀ ਮੁੰਨੀ ਖਿਡਾਰਨ ਹੈ।

5 ਨਵੰਬਰ 1974 ਨੂੰ ਜਨਮ ਲੈਣ ਵਾਲੀ ਇਹ 8 ਸਾਲਾ ਕੁੜੀ ਯਮਨ ਦੇਸ਼ ਦੀ ਰਹਿਣ ਵਾਲੀ ਹੈ ਅਤੇ 6ਵੀਂ ਜਮਾਤ ਦੀ ਵਿਦਿਆਰਥਣ ਹੈ। ਉਸ ਸਿਰਫ 4 ਮਹੀਨੇ ਪਹਿਲੇ ਹੀ ਖੇਡਾਂ ਵਿਚ ਭਾਗ ਲੈਣਾ ਸ਼ੁਰੂ ਕੀਤਾ ਤੇ ਇਸ ਵੇਲੇ ਉਹ ਆਪਣੇ ਦੇਸ਼ ਦੀ ਚੌਥੇ ਨੰਬਰ ਦੀ ਖਿਡਾਰਨ ਹੈ।

* ਸੁੰਦਰਤਾ ਕੀ ਹੈ ?
ਤੁਸੀਂ ਅੰਦਰੋਂ ਕੀ ਮਹਿਸੂਸ ਕਰਦੇ ਹੋ, ਅਤੇ
ਇਹ ਤੁਹਾਡੀਆਂ ਅੱਖਾਂ ਰਾਹੀਂ ਲਿਸ਼ਕ ਪੈਂਦਾ
ਹੈ —ਸੁੰਦਰਤਾ ਦਾ ਮਾਸ ਨਾਲ ਤਾਂ ਕੋਈ
ਸਬੰਧ ਨਹੀਂ —
ਸੋਫੀਆ ਲਾਰੇਨ (ਇਤਾਲੀਅਨ ਅਭਿਨੇਤਰੀ)

ਨੀਊ ਇੰਡੀਆ ਫੈਸ਼ਨ ਸੈਂਟਰ (ਲਿ:)

ਪੰਜਾਬੀ ਮਾਰਕਿਟ ਵਿਚ

ਪੰਜਾਬੀ ਸੂਟ * ਸਾੜ੍ਹੀਆਂ ਲਈ ਬਲਾਊਜ਼

* ਪੇਟੀਕੋਟ

* ਲਹਿੰਗੇ ਤੋ ਹਰ ਕਿਸਮ ਦੇ ਕੱਪੜੇ

ਸਿਲਵਾ ਸਕਦੇ ਹੋ

ਚਾਰ ਸੂਟ ਸਲਾਉਣ ਵਾਲੇ ਨੂੰ ਇਕ ਲੇਡੀ ਵਾਚ ਫਰੀ ਦਿਤੀਜਾਵੇਗੀ

ਸਾਡੇ ਕੋਲ ਲੇਡੀਜ਼ ਤੇ ਬੱਚਿਆਂ ਦੇ ਰੈਡੀਮੇਡ ਕਪੜੇ ਵੀ ਮਿਲ ਸਕਦੇ ਹਨ।

ਫੋਨ 321-3253

6410, MAIN ST.

(48th Ave.)

VANCOUVER, B.C.

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O. Box 67344, STN. 'O'
VANCOUR — B. C.
CANADA V5W 3T1

PHONE: (604) 324-6111

I am enclosing a ☐ cheque ☐ M. O. ☐ Draft as my subcription for the year (s) .... I may be sent the newspaper at the following address:

Name——————————

Address——————————

City——————————

Province——————————

Postal code——————————

PHONE:

One Year————————15 dollers
Two Year————————25 dollers
Three Year ————————35 dollres
Life membership————200 dollers

ASIA ....40 dollers (a Year)
U. S. A. ....20 dollers (a Year)
Europe ....35 dollers (a Year)
Africa ....35 dollers (a Year)

ਧਰਮਿੰਦਰ ਤੇ ਰਮਾ ਵਿਜ ਪੰਜਾਬੀ ਫਿਲਮ 'ਅੰਬਰੀ' ਵਿਚ



ਫਿਲਮ 'ਚੰਬਲ ਦੇ ਡਾਕੂ' ਜਿਸ'ਚ ਕਲਾਕਾਰ ਅਸਲੀ ਡਾਕੂ ਹਨ

ਕੁਝ ਹੀ ਹਫਤਿਆਂ ਵਿਚ ਰਲੀਜ਼ ਹੋਣ ਵਾਲੀ "ਚੰਬਲ ਦੇ ਡਾਕੂ" ਨਾਮੀ ਫਿਲਮ ਸ਼ਾਇਦ ਪਹਿਲੀ ਹਿੰਦੀ ਫਿਲਮ ਹੋਵੇ ਜਿਸ ਵਿਚ ਪੇਸ਼ਾਵਰ ਫਿਲਮੀ ਸਿਤਾਰਿਆਂ ਨੂੰ ਫਰਜ਼ੀ ਫਾਕੂ ਬਣਾਉਣ ਦੀ ਥਾਂ ਭਾਰਤ ਦੇ ਜਾਣੇ ਪਛਾਣੇ ਡਾਕੂ ਮੋਹਰ ਸਿੰਘ ਅਤੇ ਮਾਧੋ ਸਿੰਘ ਆਦਿਕ ਕੰਮ ਕਰ ਰਹੇ ਹਨ, ਸਰਕਾਰ ਨੇ ਜਿਨ੍ਹਾਂ ਦੇ ਸਿਰਾਂ ਦੇ ਇਨਾਮ ਕਰਮਵਾਰ ਦੋ ਲੱਖ ਅਤੇ ਡੇਢ ਲੱਖ ਰੁਪਏ ਰੱਖੇ ਹੋਏ ਸਨ। ਇਸ ਤੋਂ ਬਿਨਾਂ ਫਤਹਿ ਸਿੰਘ,ਮਖਣ ਸਿੰਘ ਅਤੇ ਜੀਵਨ ਸਿੰਘ ਜਿਨ੍ਹਾਂ 'ਚੋ ਹਰੇਕ ਦੇ ਸਿਰ ਦਾ ਮੁੱਲ 50 ਹਜ਼ਾਰ ਰੁਪਏ ਸੀ, ਵੀ ਇਸ ਫਿਲਮ ਦੇ ਪਾਤਰ ਹਨ। ਮੱਧ ਪ੍ਰਦੇਸ਼ ਦੀ ਚੰਬਲ ਘਾਟੀ ਦੇ ਇਨ੍ਹਾਂ ਡਾਕੂਆਂ ਨੇ ਸਵਰਗੀ ਜੈ ਪ੍ਰਕਾਸ਼ ਨਰਾਇਣ ਦੀ ਸਮਰਪਣ ਸਕੀਮ ਅਧੀਨ ਆਤਮ ਸਮਰਪਣ ਕਰ ਦਿਤਾ ਸੀ ਅਤੇ ਇਨ੍ਹਾਂ ਨੂੰ ਫਿਲਮ 'ਚ ਕੰਮ ਕਰਵਾਉਣ ਲਈ ਫਿਲਮ ਦੇ ਨਿਰਮਾਤਾਵਾਂ ਨੂੰ ਸਰਕਾਰ ਤੋਂ ਬਕਾਇਦਾ ਪ੍ਰਵਾਨਗੀ ਲੈਣੀ ਪਈ । ਇਨ੍ਹਾਂ ਸਾਬਕਾ ਡਾਕੂਆਂ ਤੋਂ ਇਲਾਵਾ ਇਸ ਫਿਲਮ ਵਿਚ ਨਾਜ਼ਨੀਨ, ਜਾਵੇਦ ਖਾਨ, ਮਧੂ ਮਾਲਿਨੀ ਰਜ਼ਾ ਮੁਰਾਦ, ਹੀਨਾ ਕੌਸਰ, ਪਦਮਾ ਖੰਨਾ ਅਤੇ ਰਮੇਸ਼ ਦਿਓ ਆਦਿਕ ਫਿਲਮੀ ਕਲਾਕਾਰ ਕੰਮ ਕਰ ਰਹੇ ਹਨ ।

ਸ੍ਰੀ ਐਸ. ਅਜਹਰ ਵਲੋਂ ਲਿਖੀ ਅਤੇ ਨਿਰਦੇਸ਼ਤ ਕੀਤੀ "ਚੰਬਲ ਦੇ ਡਾਕੂ" ਦਾ ਨਿਰਮਾਣ ਅਮਰੀਕਾ 'ਚ ਵਸੇ ਇਕ ਪੰਜਾਬੀ ਲਸੰਸਸ਼ੁਦਾ ਸਿਵਲ ਇੰਜੀਨੀਅਰ ਸ੍ਰੀ ਲਖਬੀਰ ਸਿੰਘ ਚੀਮਾ ਅਤੇ ਉਨ੍ਹਾਂ ਦੇ ਹੀ ਇਕ ਨਜ਼ਦੀਕੀ ਰਿਸ਼ਤੇਦਾਰ ਅਤੇ ਸਾਬਕਾ ਪੁਲਸ ਅਫਸਰ ਸ੍ਰੀ ਆਰ.ਐਸ. ਸੰਧੂ ਨੇ ਕੀਤਾ ਹੈ। ਇਹ ਦੋਵੇਂ ਖੁਦ ਪੁਲੀਸ ਅਫਸਰਾਂ ਦੇ ਰੋਲ ਵਿਚ ਫਿਲਮ 'ਚ ਕੰਮ ਕਰ ਰਹੇ ਹਨ ।

ਪਿਛਲੇ ਦਿਨੀਂ ਪੰਜਾਬ ਵਿਚ ਇਹ ਫਿਲਮ ਦਾ ਟੈਕਸ ਮੁਆਫ ਕਰਵਾਉਣ ਲਈ ਚੰਡੀਗੜ੍ਹ ਦੇ ਗੇੜੇ ਲਾਉਂਦੇ ਸ੍ਰੀ ਚੀਮਾ ਨਾਲ ਹੋਈ ਇਕ ਮੁਲਾਕਾਤ ਵਿਚ ਉਨ੍ਹਾਂ ਦਸਿਆ ਕਿ 1978 ਵਿਚ ਸ਼ੁਰੂ ਕੀਤੀ ਅਤੇ 60 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਈ ਇਹ ਫਿਲਮ ਨਵੇਕਲੀ ਹੋਵੇਗੀ, ਕਿਉਂ ਕਿ ਇਸ ਵਿਚ ਚੰਬਲ ਘਾਟੀ ਦੇ ਡਾਕੂਆਂ ਦਾ ਅਸਲੀ ਜੀਵਨ ਦਿਖਾਇਆ ਗਿਆ ਹੈ। ਸਾਰੀ ਫਿਲਮ ਇਸ ਧੁਰੇ ਦੁਆਲੇ ਘੁੰਮਦੀ ਹੈ ਕਿ ਡਾਕੂ ਜਨਮ ਵੇਲੇ ਹੀ ਮੁਜ਼ਰਮ ਨਹੀਂ ਸਨ ਸਗੋਂ ਕੁਝ ਖਾਸ ਪ੍ਰਸਥਿਤੀਆਂ ਉਨ੍ਹਾਂ ਨੂੰ ਅਜਿਹੇ ਬਣਨ ਲਈ ਮਜ਼ਬੂਰ ਕਰ ਦਿੰਦੀਆਂ ਹਨ। ਫਿਲਮ ਦਾ ਤਕੜਾ ਹਿਸਾ ਇਸ ਗੱਲ ਦੇ ਲੇਖੇ ਲਾਇਆ ਗਿਆ ਹੈ ਕਿ ਅਜਿਹੀਆਂ ਹਾਲਤਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਸ੍ਰੀ ਚੀਮਾ ਨੇ ਦੱਸਿਆ ਕਿ ਸਾਬਕਾ ਡਾਕੂਆਂ ਤੋਂ ਫਿਲਮ ਵਿਚ ਕੰਮ ਕਰਵਾਉਣ ਦਾ ਤਜ਼ਰਬਾ ਬੜਾ ਤਲਖ ਵੀ ਹੈ ਅਤੇ ਰੌਚਿਕ ਵੀ। ਜਿਥੇ ਇਸੇ ਕਰਕੇ ਜੀਵਨ ਬੀਮਾ ਨਿਗਮ ਜਾਂ ਹੋਰ ਕੋਈ ਬੀਮਾ ਕੰਪਨੀ, ਫਿਲਮ ਦੇ ਸਾਜ਼ੋ ਸਮਾਨ ਅਤੇ ਅਮਲੇ ਫੈਲੇ ਦਾ ਬੀਮਾ ਕਰਨ ਲਈ ਤਿਆਰ ਨਹੀਂ ਹੋਈ ਉਥੇ ਫਿਲਮ ਦੀ ਲੋੜ ਮੁਤਾਬਕ ਮਾਧੋ ਸਿੰਘ ਅਤੇ ਮੋਹਰ ਸਿੰਘ ਵਰਗਿਆਂ ਤੋਂ ਐਕਟਿੰਗ ਕਰਵਾਉਣੀ ਬੜਾ ਜ਼ੋਖਮ ਭਰਿਆਂ ਕਾਰਜ ਸੀ। ਸਭ ਤੋਂ ਵੱਡੀ ਸਮੱਸਿਆਂ ਇਹ ਸੀ ਕਿ ਜਿਹੜਾ ਕੋਈ ਕੰਮ ਉਨ੍ਹਾਂ ਨੇ ਆਪਣੇ ਡਾਕੂ ਜੀਵਨ ਵਿਚ ਨਹੀਂ ਕੀਤਾ, ਉਸ ਲਈ ਉਹ ਐਕਟਿੰਗ ਕਰਨ ਲਈ ਬਿਲਕੁਲ ਵੀ ਤਿਆਰ ਨਹੀਂ ਸਨ ਹੁੰਦੇ ਜਿਵੇਂ ਕਿ ਉਹ ਐਕਟਿੰਗ ਲਈ ਵੀ ਘੋੜੇ 'ਤੇ ਨਹੀਂ ਸਨ ਚੜ੍ਹਦੇ। ਸ਼ੂਟਿੰਗ ਵੇਲੇ ਉਨ੍ਹਾਂ ਸਾਬਕਾ ਡਾਕੂਆਂ ਨੂੰ ਦੇਖਣ ਲਈ ਇਕਠੇ ਹੋ ਜਾਂਦੇ ਹਜ਼ਾਰਾਂ ਲੋਕਾਂ ਨੂੰ ਕਾਬੂ ਕਰਨਾ ਵੀ ਨਿਰਮਾਤਾਵਾਂ ਲਈ ਇਕ ਸਮੱਸਿਆ ਸੀ।

ਸ੍ਰੀ ਚੀਮਾ ਦਾ ਕਹਿਣਾ ਹੈ ਕਿ ਪੰਜਾਬੀ ਹੋਣ ਕਰਕੇ ਅਸੀਂ ਫਿਲਮ ਬਣਾ ਗਏ ਨਹੀਂ ਤਾਂ ਉਹ ਸਾਬਕਾ ਡਾਕੂ ਕਿਸੇ ਤੋਂ ਸੂਤ ਨਹੀਂ ਸਨ ਆਉਣੇ। ਖੈਰ, ਕੁਝ ਵੀ ਹੋਵੇ ਇਸ ਫਿਲਮ ਨੂੰ ਦੇਖਣ ਲਈ ਹਰ ਕੋਈ ਉਤਸੁਕ ਹੋਵੇਗਾ।

ਬਲਜੀਤ ਬੱਲੀ

'ਇਹ ਸਾਡਾ ਨਿਜੀ ਮਾਮਲਾ ਹੈ'

ਧਰਮਿੰਦਰ

ਧਰਮ-ਹੇਮਾ ਸਬੰਧਾਂ ਤੇ ਇਹ ਸ਼ਕ ਕੀਤੀ ਜਾਣ ਲਗ ਪਈ ਹੈ ਕਿ ਉਹਨਾਂ ਵਿਚ ਜੋ ਪਵਿਤ੍ਰ ਰੁਮਾਂਸ ਚਲ ਰਿਹਾ ਸੀ, ਹੁਣ ਵਿਆਹ ਪਿਛੋਂ ਬਿਲਕੁਲ ਖ਼ਤਮ ਹੋ ਗਿਆ ਹੈ ਤੇ ਦੋਹਾਂ ਨੇ ਆਪਣੇ ਆਪਣੇ ਵਖਰੇ ਰਸਤੇ ਅਖ਼ਤਿਆਰ ਕਰ ਲਏ ਹਨ।

ਧਰਮਿੰਦਰ-ਹੇਮਾ ਸਬੰਧਾਂ ਵਿਚ ਪੈ ਰਹੀਆਂ 'ਦਰਾੜਾਂ' ਬਾਰੇ ਅਫਵਾਹਾਂ ਦਿਨੋ-ਦਿਨ ਜੰਗਲ ਦੀ ਅੱਗ ਵਾਂਗ ਫੈਲ ਰਹੀਆਂ ਹਨ। ਇਨ੍ਹਾਂ ਅਫਵਾਹਾਂ ਪਿਛੇ ਕਿੰਨੀ ਕੁ ਸਚਾਈ ਹੈ, ਨੂੰ ਮੱਦੇ-ਨਜ਼ਰ ਰਖਦਿਆਂ ਜਿਥੇ ਹੇਮਾ ਮਾਲਿਨੀ ਨਾਲ ਸੰਪਰਕ ਕੀਤਾ ਉਥੇ ਧਰਮਿੰਦਰ ਨਾਲ ਵੀ ਮੁਲਾਕਾਤ ਕਰਨੀ ਵਾਜਬ ਸਮਝੀ। ਧਰਮ-ਹੇਮਾ ਸਬੰਧਾਂ ਤੇ ਇਹ ਸ਼ਕ ਕੀਤੀ ਜਾਣ ਲਗ ਪਈ ਹੈ ਕਿ ਉਨ੍ਹਾਂ ਵਿਚ ਜੋ ਪਵਿਤਰ ਰੁਮਾਂਸ ਚਲ ਰਿਹਾ ਸੀ, ਹੁਣ ਵਿਆਹ ਪਿਛੋਂ ਬਿਲਕੁਲ ਖਤਮ ਹੋ ਗਿਆ ਹੈ ਤੇ ਦੋਹਾਂ ਨੇ ਆਪਣੇ ਆਪਣੇ ਵਖਰੇ ਰਸਤੇ ਅਖਤਿਆਰ ਕਰ ਲਏ ਹਨ । ਜਿਵੇਂ ਕਿ ਧਰਮਿੰਦਰ ਆਪਣੇ ਲੜਕੇ ਸੰਨੀ ਲਈ ਫਿਲਮ 'ਬੇਤਾਬ' ਤੇ 'ਸਿਤਮਗਰ'ਆਦਿ ਦਾ ਨਿਰਮਾਣ ਕਰਨ ਲਗ ਪਿਆ ਹੈ ਤੇ ਹੇਮਾ ਨੇ ਆਪਣੇ ਭਰਾ ਦੀ ਫਿਲਮ 'ਸ਼ਰਾਰਾ' ਵਿਚ ਧਰਮਿੰਦਰ ਦੀ ਥਾਂ ਰਾਜਕੁਮਾਰ ਨਾਲ ਜੋੜੀ ਬਣਾ ਲਈ ਹੈ। ਇਸੇ ਹੀ ਤਰ੍ਹਾਂ ਧਰਮ ਪੁਤਰ ਸੰਨੀ ਲਈ ਨਿਰਮਾਣ ਅਧੀਨ ਫਿਲਮਾਂ ਵਿਚ ਹੇਮਾ ਦੀ ਗੈਸਟ ਅਪੀਅਰਿੰਗ ਵੀ ਨਹੀਂ ਹੈ। ਗੱਲ ਇਥੇ ਹੀ ਖਤਮ ਨਹੀਂ ਹੁੰਦੀ......ਦੋਸ਼ ਇਹ ਵੀ ਲਾਏ ਜਾ ਰਹੇ ਹਨ ਕਿ ਧਰਮਿੰਦਰ ਤੇ ਹੇਮਾ ਇਕੱਠੇ ਅਗੋਂ ਲਈ ਕਿਸੇ ਵੀ ਫਿਲਮ ਵਿਚ ਨਹੀਂ ਆ ਰਹੇ। ਉਨ੍ਹਾਂ ਦੋਨੋਂ 'ਰਜ਼ੀਆ ਸੁਲਤਾਨ', 'ਬਗਾਵਤ', 'ਆਤੰਕ' ਅਤੇ 'ਦੋ ਦਿਸ਼ਾਏਂ' ਫਿਲਮਾਂ ਵਿਚ ਹੀ ਆ ਰਹੇ ਹਨ ਜਿਹੜੀਆਂ ਕਿ ਸ਼ਾਇਦ ਉਨ੍ਹਾਂ ਦੋਹਾਂ ਇਕਠਿਆਂ ਦੀਆਂ ਆਖਰੀ ਫਿਲਮਾਂ ਹੋਣ। ਕੀ, ਇਨ੍ਹਾਂ ਗੱਲਾਂ ਤੋਂ ਇਹ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ ਕਿ ਉਹਨਾਂ ਦਾ ਮਹਾਨ ਰੁਮਾਂਸ ਖਾਤਮੇ ਦੀ ਪੌੜੀਆਂ ਵਲ ਤੇਜ਼ੀ ਨਾਲ ਵਧ ਰਿਹਾ ਹੈ? ਅਜਿਹੀਆਂ ਕਈ ਗੱਲਾਂ ਨੂੰ ਮਨ ਵਿਚ ਲੈਕੇ ਧਰਮਿੰਦਰ ਕੋਲ ਇੰਟਰਵੀਊ ਲਈ ਪਹੁੰਚ ਕੀਤੀ ਤੇ ਰਵਾਇਤੀ ਤੌਰ ਤੇ ਗੱਲਬਾਤ ਦਾ ਆਗਾਜ਼ ਇਸ ਤਰ੍ਹਾਂ ਹੋਇਆ—

? ਤੁਹਾਡੇ ਨਾਲ ਕੰਮ ਕਰਨ ਵਾਲੇ ਮਰਦ ਕਲਾਕਾਰਾਂ ਬਾਰੇ ਤੁਹਾਡੇ ਕੀ ਵਿਚਾਰ ਹਨ? ਤੁਸੀਂ ਕਿਸ ਕਲਾਕਾਰ ਨਾਲ ਕੰਮ ਕਰਕੇ ਸਭ ਤੋਂ ਵਧ ਆਨੰਦ ਮਾਣਿਆ ਹੈ? ਤੇ ਤੁਸੀਂ ਕਿਹੜੇ ਕਲਾਕਾਰ ਨਾਲ ਦੁਬਾਰਾ ਕੰਮ ਕਰਕੇ ਰਾਜ਼ੀ ਨਹੀਂ?

—ਮੇਰਾ ਕਿਸੇ ਵੀ ਕਲਾਕਾਰ ਨਾਲ ਭੇਦਭਾਵ ਨਹੀਂ। ਮੈਂ ਕਿਸੇ ਨਾਲ ਵੀ ਕੰਮ ਕਰਕੇ ਨਾ ਬਹੁਤਾ ਖੁਸ਼ ਹੁੰਦਾ ਹਾਂ ਤੇ ਨਾ ਹੀ ਬੋਰ। ਵੈਸੇ ਪਹਿਲਾਂ ਮੈਂ ਸ਼ਤਰੂਘਨ ਸਿਨਹਾ ਤੇ ਰਣਧੀਰ ਕਪੂਰ ਨਾਲ ਕੰਮ ਕਰਕੇ ਬਹੁਤ ਮਜ਼ੇ ਵਿਚ ਰਹਿੰਦਾ ਸਾਂ ਤੇ ਹੁਣ 'ਜਾਗੀਰ' ਵਿਚ ਮਿਠੁਨ ਤੇ ਡੈਨੀ ਨਾਲ ਬੜੇ ਮਜ਼ੇ ਵਿਚ ਕੰਮ ਕਰ ਰਿਹਾ ਹਾਂ, ਤੇ ਹਾਂ ਮੈਂ ਇਕ ਹੋਰ ਕਲਾਕਾਰ ਦਾ ਨਾਂ ਲਏ ਬਿਨਾਂ ਨਹੀਂ ਰਹਿ ਸਕਦਾ ਤੇ ਉਹ ਹੈ ਸੁਨੀਲ ਦੱਤ। ਭਾਵੇਂ ਮੇਰੀ ਉਸ ਨਾਲ ਦੋਸਤੀ ਵੀ ਹੈ ਪਰ ਮੈਂ ਉਸ ਦਾ ਸਤਿਕਾਰ ਕੀਤੇ ਬਿਨਾਂ ਨਹੀਂ ਰਹਿ ਸਕਦਾ। ਤੁਸੀਂ ਦੇਖੋ ਕਿ ਇਹ ਸਾਰੇ ਬੰਦੇ ਬਹੁਤ ਚੰਗੇ ਮਾਨਵ ਹਨ। ਇਨ੍ਹਾਂ ਨਾਲ ਮਿਲਨ ਤੇ ਸਕੂਨ ਮਿਲਦਾ ਹੈ। ਮੈਂ ਇਨ੍ਹਾਂ ਨਾਲ ਖੁਲ੍ਹਮ-ਖੁਲ੍ਹਾ ਵਿਚਰ ਸਕਦਾ ਹਾਂ। ਪਰ ਇਸ ਦਾ ਇਹ ਮਤਲਬ ਕਦਾਚਿਤ ਨਹੀਂ ਕਿ ਮੈਂ ਕੁਝ ਕੁ ਕਲਾਕਾਰਾਂ ਨੂੰ ਚੰਗੇ ਪ੍ਰਾਣੀ ਕਹਿ ਰਿਹਾ ਤੇ ਬਾਕੀ ਭੈੜੇ ਹੋਏ। ਮੇਰੇ ਕਹਿਣ ਦਾ ਮਤਲਬ ਸਿਰਫ ਏਨਾ ਹੀ ਹੈ ਕਿ ਇਨ੍ਹਾਂ ਕੁਝ ਕੁ ਕਲਾਕਾਰਾਂ ਨਾਲ ਕੰਮ ਕਰਨ ਸਮੇਂ ਮੈਂ ਕਾਫੀ ਘੁਲਮਿਲ ਜਾਂਦਾ ਹਾਂ।

? ਬਹੁਤੇ ਚੇਰ ਪਹਿਲਾਂ ਦੀ ਗੱਲ ਹੈ, ਤੁਸੀਂ ਇਕ ਇੰਟਰਵਿਊ ਵਿਚ ਸੰਜੀਵ ਕੁਮਾਰ ਦੇ ਇਸ ਬਿਆਨ 'ਮੈਂ ਇਕ ਸਟਾਰ ਭਾਵੇਂ ਨਾ ਬਣ ਸਕਾਂ ਪਰ ਮੈਂ ਐਕਟਰ ਵਧੀਆ ਹਾਂ।' ਤੇ ਟੀਕਾ ਟਿਪਣੀ ਕਰਦਿਆਂ ਕਿਹਾ ਸੀ, 'ਮੈਂ ਐਕਟਰ ਬਣਨ ਨਾਲੋਂ ਸਟਾਰ ਬਣਨ ਨੂੰ ਪਹਿਲ ਦਿੰਦਾ ਹਾਂ।' ਉਦੋਂ ਤੁਸੀਂ ਇਸ ਗੱਲ ਦਾ ਆਧਾਰ ਫਿਲਮਾਂ ਵਿਚ ਆਪਣੀ ਧੜਾਧੜ ਮੰਗ ਨੂੰ ਬਣਾਇਆ ਸੀ ਜਦ ਕਿ ਸੰਜੀਵ ਨੂੰ ਬਹੁਤੀ ਸਫਲਤਾ ਨਹੀਂ ਸੀ ਮਿਲੀ। ਇਸ ਬਾਰੇ ਅਜ ਤੁਹਾਡੇ ਕੀ ਵਿਚਾਰ ਹਨ?

—ਕੀ ਮੈਂ ਇਹ ਕਿਹਾ ਸੀ? ਮੈਨੂੰ ਸਚਮੁਚ ਯਾਦ ਨਹੀਂ ਪਰ ਜੇ ਤੁਸੀਂ ਮੈਨੂੰ ਅਜ ਪੁਛੋ ਤਾਂ ਮੈਂ ਕਹਾਂਗਾ ਕਿ ਮੈਂ ਐਕਟਰ ਬਣਨਾ ਚਾਹੁੰਦਾ ਹਾਂ। ਭਾਵੇਂ ਸਟਾਰ ਲੋਕਾਂ ਦੇ ਮਨਾਂ ਵਿਚ ਰਹਿੰਦੇ ਹਨ ਪਰ ਐਕਟਰ ਲੋਕਾਂ ਦੇ ਦਿਲਾਂ ਵਿਚ ਆਪਣੀ ਪੁਜ਼ੀਸ਼ਨ ਬਣਾ ਲੈਂਦੇ ਹਨ।

? ਕੋਈ ਗੱਲ ਹੈ ਜਿਸ ਨੂੰ ਤੁਸੀਂ ਨਹੀਂ ਕਰ ਸਕਦੇ ਜਾਂ ਕਰਨਾ ਪਸੰਦ ਨਹੀਂ ਕਰਦੇ?

—ਡਾਂਸਿੰਗ। ਹਾਂ ਇਹ ਹੀ ਇਕ ਚੀਜ਼ ਜਿਹੜੀ ਕਿ ਮੈਂ ਨਹੀਂ ਕਰ ਸਕਦਾ ਤੇ ਮੈਂ ਇਸ ਨੂੰ ਕਰਨ ਤੋਂ ਨਫਰਤ ਵੀ ਕਰਦਾ ਹਾਂ। ਅਸਲ ਵਿਚ ਮੈਂ ਉਸ ਸਮੇਂ ਬਹੁਤ ਸ਼ਰਮ ਮਹਿਸੂਸ ਕਰਦਾ ਹਾਂ ਜਦੋਂ ਕਿ ਮੈਨੂੰ ਸਕਰੀਨ ਤੇ ਡਾਂਸ ਕਰਨ ਲਈ ਕਿਹਾ ਜਾਂਦਾ ਹੈ। ਮੈਨੂੰ ਉਸ ਸਮੇਂ ਇਸ ਤਰ੍ਹਾਂ ਅਨੁਭਵ ਹੁੰਦਾ ਹੈ ਜਿਵੇਂ ਕਿ ਮੇਰੇ ਸਿਰ ਤੇ ਤਲਵਾਰ ਲਟਕ ਰਹੀ ਹੋਵੇ।

ਮੈਨੂੰ ਯਾਦ ਹੈ ਜਦੋਂ ਅਰਜਨ ਹਿੰਗੋਰਾਨ ਨੇ ਮੈਨੂੰ 'ਦਾਦਰ' ਵਿਚ ਇਕ ਡਾਂਸਿੰਗ ਸਕੂਲ ਭੇਜਿਆ ਸੀ। ਮੈਂ ਉਥੇ ਜਾਣ ਦਾ ਨਿਤਨੇਮ ਤਾਂ ਬਣਾ ਲਿਆ ਪਰ ਡਾਂਸ ਸਿਖਣ ਦੀ ਬਜਾਏ ਮੈਂ ਉਥੇ ਬੈਠਾ ਸਮੋਸੇ ਖਾਂਦਾ ਰਹਿੰਦਾ ਤੇ ਤਿੰਨ ਮਹੀਨੇ ਪਿਛੋਂ (ਜਦੋਂ ਕਿ ਮੈਂ ਲਗਪਗ 200 ਸਮੋਸੇ ਖਾ ਚੁਕਾ ਸੀ) ਜਦੋਂ ਅਰਜਨ ਹਿੰਗੋਰਾਨੀ ਨੇ ਮੇਰੀ ਲੇਡੀ ਟੀਚਰ ਨੂੰ ਮੇਰੀ ਪ੍ਰੋਗਰਿਸ ਬਾਰੇ ਪੁਛਿਆ ਤਾਂ ਉਹ ਬੋਲੀ—'ਪੱਥਰ ਤੈਰਨਾ ਸੀਖ ਸਕਤਾ ਹੈ, ਯੇਹ ਕਭੀ ਡਾਂਸ ਨਹੀਂ ਕਰ ਸਕਤਾ।'

? ਫਿਲਮਾਂ ਵਿਚ 23 ਵਰ੍ਹੇ ਸ਼ਾਨਦਾਰ ਜ਼ਿੰਦਗੀ ਬਤਾਉਣ ਪਿਛੋਂ ਵੀ ਤੁਸੀਂ ਅਜ ਵੀ ਹੀਰੋ ਦੀ ਰੁਮਾਂਟਿਕ ਰੋਲ ਕਰਦੇ ਹੋ ਤਾਂ ਕੀ ਮਹਿਸੂਸ ਕਰਦੇ ਹੋ ਜਦ ਕਿ ਤੁਹਾਡੇ ਬਹੁਤੇ ਸਮਕਾਲੀ ਆਊਟ ਹੋ ਗਏ ਹਨ? ਰਾਜਿੰਦਰ ਕੁਮਾਰ, ਸ਼ਮੀਕਪੂਰ, ਜੋਏ ਮੁਕਰਜੀ, ਵਿਸ਼ਵਾਜੀਤ—ਇਹਨਾਂ ਵਿਚੋਂ ਕੋਈ ਅਜ ਰੁਮਾਂਟਿਕ ਲੀਡ ਕਈ ਫਿਲਮਾਂ ਵਿਚ ਸਾਈਨ ਨਹੀਂ ਕੀਤਾ ਜਾ ਰਿਹਾ।

—ਤੁਸੀਂ ਰਾਜਿੰਦਰ ਕੁਮਾਰ ਨੂੰ ਮੇਰਾ ਸਮਕਾਲੀ ਨਹੀਂ ਕਹਿ ਸਕਦੇ। ਮੈਂ ਨਾ ਹੀ ਉਸ ਜਿੰਨਾ ਸੀਨੀਅਰ ਹਾਂ ਤੇ ਨਾ ਹੀ ਪੁਰਾਣਾ। ਤੇ ਤੁਸੀਂ ਦੇਵ ਆਨੰਦ ਨੂੰ ਕਿਵੇਂ ਭੁਲ ਗਏ ਜੋ ਕਿ ਸੀਨੀਅਰ ਸਟਾਫ ਦਾ ਇਕ ਖਾਸ ਕਲਾਕਾਰ ਹੈ? ਫਿਰ ਵੀ, ਮੈਂ ਇਨ੍ਹਾਂ ਸਾਰਿਆਂ ਨਾਲੋਂ ਵਖਰਾ ਜ਼ਰੂਰ ਹਾਂ। ਖਾਸ ਕਰਕੇ ਉਦੋਂ ਜਦੋਂ ਮੈਂ ਸਕਰੀਨ ਤੇ ਹੀਰੋਇਨ ਦਾ ਹੱਥ ਫੜਦਾ ਹਾਂ ਤਾਂ ਮੈਂ ਰੁਮਾਂਟਿਕ ਮੂਡ ਵਿਚ ਜ਼ਰੂਰ ਲਗਦਾ ਹਾਂ।

? ਜਦੋਂ ਤੁਸੀਂ ਆਪਣੇ ਆਪ ਨੂੰ 'ਵਖਰਾ' ਕਹਿੰਦੇ ਹੋ, ਕੀ ਤੁਸੀਂ ਇਸ ਦੀ ਵਿਆਖਿਆ ਕਰ ਸਕਦੇ ਹੋ?

—ਇਸ ਦਾ ਭਾਵ ਮੇਰੀ ਦਿਖ ਹੋ ਸਕਦਾ ਹੈ ਜਾਂ ਮੇਰਾ ਸਰੀਰਕ ਜੁਸਾ ਵੀ। ਵੈਸੇ ਇਸ ਗੱਲ ਦਾ ਅੰਦਾਜ਼ਾ ਤਾਂ ਤੁਸੀਂ ਖੁਦ ਵੀ ਲਾ ਸਕਦੇ ਹੋ।

? ਜਦੋਂ ਤੁਸੀਂ ਆਪਣੇ ਨਾਲੋਂ ਅੱਧੀ ਉਮਰ ਦੀਆਂ ਹੀਰੋਇਨਾਂ ਨਾਲ ਕੰਮ ਕਰਦੇ ਹੋ ਤਾਂ ਕੀ ਅਨੁਭਵ ਕਰਦੇ ਹੋ? ਕੀ ਰੱਤੀ ਤੇ ਅਨੀਤਾ ਰਾਜ ਵਰਗੀਆਂ ਕੁੜੀਆਂ ਤੁਹਾਡੇ ਵਡੇ ਸਟਾਰ ਨਾਲ ਕੰਮ ਕਰਨ ਤੇ ਝਿਜਕ ਨਹੀਂ ਮਹਿਸੂਸ ਕਰਦੀਆਂ?

—ਕੀ ਮੈਂ ਕਦੇ ਵਡੇ ਸਟਾਰ ਵਾਂਗ ਵਰਤਾਉ ਕੀਤਾ ਹੈ? ਸਗੋਂ ਇਸ ਦੇ ਉਲਟ ਮੈਂ ਕਦੇ ਆਪਣੀ ਹੋਂਦ ਹੀ ਨਹੀਂ ਜਤਾਈ। ਮੈਂ ਤਾਂ ਹਮੇਸ਼ਾ ਇਕ ਗੱਲ ਤੋਂ ਸੁਚੇਤ ਰਹਿੰਦਾ ਹਾਂ, ਉਹ ਇਹ ਕਿ ਮੈਨੂੰ ਕਿਸੇ ਦਾ ਦਿਲ ਨਹੀਂ ਦੁਖਾਉਣਾ ਚਾਹੀਦਾ। ਇਹ ਮੇਰਾ ਕੁਦਰਤੀ ਸੁਭਾਅ ਹੈ, ਫਿਰ ਵੀ, ਜਦੋਂ ਰਤੀ ਤੇ ਅਨੀਤਾ ਰਾਜ ਨਾਲ ਪਹਿਲੇ ਦਿਨ ਗੱਲ-ਬਾਤ ਹੋਈ ਤਾਂ ਉਹਨਾਂ ਕੁਝ ਝਿਜਕ ਮਹਿਸੂਸ ਕੀਤੀ ਹੋਵੇਗੀ ਪਰ ਛੇਤੀ ਹੀ ਉਹ ਮੇਰੇ ਨਾਲ ਘੁਲਮਿਲ ਗਈਆਂ।

? ਕੀ ਤੁਹਾਨੂੰ ਇਹ ਕੋਝਾ ਤੇ ਕੁਢੱਬਾ ਜਿਹਾ ਨਹੀਂ ਲਗਦਾ ਕਿ ਤੁਹਾਡੀ ਤੇ ਤੁਹਾਡੇ ਪੁਤਰ ਸੰਨੀ ਦੀ ਹੀਰੋਇਨ ਇਕ ਹੀ ਹੋਵੇ? ਅਨੀਤਾ ਰਾਜ 'ਨੌਕਰ ਬੀਵੀ ਕਾ' ਵਿਚ ਤੁਹਾਡੀ ਹੀਰੋਇਨ ਹੈ ਜਦ ਕਿ ਅੱਬਾ ਪ੍ਰੋਡਕਸ਼ਨ ਦੀ ਅਗਲੀ ਫਿਲਮ ਵਿਚ ਸੰਨੀ ਦਿਓਲ ਨਾਲ ਹੀਰੋਇਨ ਆ ਰਹੀ ਹੈ।

—ਬਿਲਕੁਲ ਨਹੀਂ। ਇਨ੍ਹਾਂ ਦੋਨਾਂ ਫਿਲਮਾਂ ਵਿਚ ਉਸ ਦੀ ਮੇਰੇ ਨਾਲ ਜੋੜੀ ਬਣ ਰਹੀ ਹੈ। ਅੱਬਾ ਪ੍ਰੋਡਕਸ਼ਨਜ਼ ਨੇ ਅਜੇ ਸੰਨੀ ਲਈ ਕਿਸੇ ਹੀਰੋਇਨ ਦਾ ਫੈਸਲਾ ਕਰਨਾ ਹੈ। ਵੈਸੇ ਵੀ ਪਿਓ-ਪੁਤਰ ਦੀ ਇਕੋ ਹੀ ਹੀਰੋਇਨ ਹੋਵੇ ਤਾਂ ਕੀ ਫਰਕ ਪੈਂਦਾ ਹੈ?

ਅਸੀਂ ਤਾਂ ਫਿਲਮ ਕੇਵਲ ਕਰੈਕਟਰ ਨੂੰ ਪੋਰਟਰੇਟ ਕਰਦੇ ਹਾਂ।

? ਤੁਸੀਂ ਸਕਰੀਨ ਤੇ ਆਪਣੇ ਪੁਤਰ ਨਾਲ ਆਹਮੋ ਸਾਹਮਣੇ ਆਉਗੇ। ਤੁਹਾਡਾ ਟਕਰਾਅ ਹੋਵੇਗਾ। ਤੁਸੀਂ ਉਸ ਸਥਿਤੀ ਦਾ ਨਿਭਾਅ ਕਿਸ ਤਰ੍ਹਾਂ ਕਰੋਗੇ? ਕੀ ਤੁਹਾਡੇ ਵਿਚਲਾ ਪਿਤਾਪਨ ਤੁਹਾਨੂੰ ਮਜਬੂਰ ਕਰੇਗਾ ਕਿ ਦ੍ਰਿਸ਼ ਦੇ ਨਾਲ ਹੀ ਤੁਹਾਡਾ ਪੁਤਰ ਦੂਰ ਚਲਦਾ ਬਣੇ?

—ਤੁਹਾਡਾ ਮਤਲਬ ਹੈ ਕਿ ਮੈਂ ਘਟੀਆ ਸ਼ਾਟ ਦੇਵਾਂਗਾ? ਬਿਲਕੁਲ ਨਹੀਂ ਭਾਵੇਂ ਮੇਰਾ ਪੁਤ ਹੀ ਮੇਰੇ ਨਾਲ ਕੋ-ਸਟਾਰ ਹੈ ਪਰ ਇਕ ਗੱਲ ਮੈਨੂੰ ਦਸੋ ਕਿ ਕੀ ਕੋਈ ਸਟਾਰ ਕਿਸੇ ਦ੍ਰਿਸ਼ ਵਿਚ ਚਕਮਾ ਦੇ ਸਕਦਾ ਹੈ ਜਦ ਕਿ ਨਿਰਦੇਸ਼ਕ ਵੀ ਨੇੜੇ ਹੀ ਖੜਾ ਹੋਵੇ? ਜਿਸ ਸੁਰ ਦੇ ਸਬੰਧ ਵਿਚ ਦ੍ਰਿਸ਼ ਲਿਖਿਆ ਗਿਆ ਹੋਵੇ, ਉਸੇ ਤਰ੍ਹਾਂ ਇਕ ਕਲਾਕਾਰ ਦੀ ਸਫਲਤਾ ਦਾ ਰਾਜ਼ ਹੈ।

? ਮਹਾਨ ਐਕਟਰਾਂ ਦੀ ਗੱਲ ਕਰਦਿਆਂ ਤੁਸੀਂ ਭਾਰਤੀ ਸਕਰੀਨ ਦਾ ਮਹਾਨ ਐਕਟਰ ਕਿਸ ਨੂੰ ਮੰਨਦੇ ਹੋ?

—ਮਹਾਨ ਕਲਾਕਾਰ ਅਸਲ ਵਿਚ ਹੈ ਦਲੀਪ ਕੁਮਾਰ। ਮੈਂ ਉਸ ਦਾ ਸਦਾ ਫੈਨ ਰਿਹਾ ਹਾਂ। ਉਸ ਦੀ ਹੀਰੋ ਦੇ ਤੌਰ ਤੇ ਪੂਜਾ ਕਰਦਾ ਹਾਂ। ਹੋਰ ਵੀ ਕਲਾਕਾਰ ਹਨ ਜਿਨ੍ਹਾਂ ਨੂੰ ਮੈਂ ਪਸੰਦ ਕਰਦਾ ਹਾਂ ਜਿਵੇਂ ਕਿ ਮੋਤੀ ਲਾਲ ਤੇ ਸ਼ਿਆਮ। ਮੈਂ ਪ੍ਰੇਮ ਨਾਥ ਦੀ ਵੀ ਕਦਰ ਕਰਦਾ ਹੈ।

—ਦਲੀਪ ਕੁਮਾਰ ਅਸਲ 'ਚ ਪਹਿਲੀ ਪੀੜ੍ਹੀ ਨਾਲ ਸਬੰਧ ਰਖਦੇ ਹਨ। ਅਜ ਦੇ ਚੋਟੀ ਦੇ ਸਟਾਰਾਂ ਵਿਚੋਂ ਤੁਸੀਂ ਕਿਸ ਨੂੰ ਮਹਾਨ ਐਕਟਰ ਮੰਨਦੇ ਹੋ?

—ਅਮਿਤਾਭ ਬੱਚਨ।

ਕਹਿਣ ਨੂੰ ਤਾਂ ਧਰਮਿੰਦਰ ਨੇ ਇਹ ਕਹਿ ਦਿਤਾ ਪਰ ਨਰਗਿਸ ਨੇ ਮਰਨ ਤੋਂ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਧਰਮਿੰਦਰ ਤੋਂ ਬਿਨਾਂ ਸਾਡੇ ਕੋਲ ਕੋਈ ਵੀ ਅਜਿਹਾ ਐਕਟਰ ਨਹੀਂ ਹੈ ਜਿਹੜਾ ਦੇਖਣ ਵਿਚ ਖੂਬਸੂਰਤ ਹੋਵੇ ਕਿਉਂਕਿ ਅਮਿਤਾਭ ਕੋਲ ਲੰਬਾਈ ਹੈ ਪਰ ਖੂਬਸੂਰਤੀ ਨਹੀਂ। ਸ਼ਤਰੂਘਨ ਸਿਨਹਾ ਵਿਚ ਸਟਾਰ ਵਾਲੀ ਸੂਰਤ ਦੀ ਘਾਟ ਹੈ ਪਰ ਧਰਮਿੰਦਰ ਹੀ ਇਕੱਲਾ ਅਜਿਹਾ ਐਕਟਰ ਹੈ ਜਿਸ ਵਿਚ ਦਿਖ ਵਿਅਕਤੀਤਵ ਅਤੇ ਟੇਲੈਂਟ ਦਾ ਸੰਯੋਗ ਹੈ?

? ਹੇਮਾ ਤੇ ਤੁਹਾਡੇ ਸਬੰਧਾਂ ਬਾਰੇ ਬੜੀਆਂ ਅਫਵਾਹਾਂ ਫੈਲ ਰਹੀਆਂ ਹਨ। ਕੀ ਤੁਸੀਂ ਵੀ ਅੱਡ ਹੋ ਰਹੇ ਹੋ?

—ਮੈਨੂੰ ਹੇਮਾ ਤੋਂ ਬਿਨਾਂ ਹੋਰ ਜੋ ਮਰਜ਼ੀ ਪੁਛੋ। ਇਹ ਸਾਡਾ ਸਰਾਸਰ ਨਿਜੀ ਮੁਮਲਾ ਹੈ।



ਬਹੁਤ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਲੰਬੂ (ਅਮਿਤਾਭ ਬੱਚਨ) ਅਜੇ ਫਿਲਮ ਨਿਰਮਾਤਾਵਾਂ ਦੇ ਬੂਹੇ ਖੜਕਾ ਰਿਹਾ ਸੀ, ਸੁਨੀਲ ਦੱਤ ਨੇ ਉਸ ਨੂੰ ਰਾਜ ਗਰੋਵਰ ਨਾਲ ਦਾਦਰ ਸਟੂਡਿਓ ਵਿਚ ਸਕਰੀਨ ਟੈਸਟ ਲਈ ਭੇਜਿਆ। ਜਦੋਂ ਸਕਰੀਨ ਟੈਸਟ ਹੋ ਚੁਕਿਆ ਤਾਂ ਸਟੂਡੀਓ ਦੇ ਬਾਹਰ ਖੜੇ ਕੁਝ ਵਿਅਕਤੀਆਂ ਨੇ ਅਮਿਤਾਭ ਬਾਰੇ ਰਾਏ ਪੁਛੀ ਤਾਂ ਉਨ੍ਹਾਂ ਕਿਹਾ, 'ਮੁੰਡਾ ਤਾਂ ਵਧੀਆ ਹੈ ਜੇ ਛਤ ਤੇ ਖੜਾ ਕਰਕੇ ਐਂਟੀਨਾ ਦਾ ਕੰਮ ਲਿਆ ਜਾਵੇ।'

ਜ਼ੀਨਤ, ਜਿਸ ਨੇ ਨੈਤਿਕ ਗੁਣਾਂ ਨਾਲ ਕਦੇ ਸਾਂਝ ਹੀ ਨਹੀਂ ਪਾਈ, ਨਾਲ ਅਮਿਤਾਭ ਅਗੋਂ ਤੋਂ ਕੋਈ ਵੀ ਫਿਲਮ ਸਾਈਨ ਨਹੀਂ ਕਰੇਗੀ। ਕਾਰਨ ਇਹ ਹੈ ਕਿ ਜ਼ੀਨਤ ਰੁਮਾਂਸ ਦਾ ਚਕਰ ਚਲਾਉਣ ਸਮੇਂ ਨਾ ਹੀਰੋ ਦੇਖਦੀ ਹੈ ਨਾ ਟੂ ਨੰਬਰ ਦਾ ਕੈਮਰਾਮੈਨ ਤੇ ਨਾ ਹੀ ਥਰਡ ਦਰਜੇ ਦਾ ਅਸਿਸਟੈਂਟ। ਉਸ ਦੀਆਂ ਅਜਿਹੀਆਂ ਹਰਕਤਾਂ ਅਮਿਤਾਭ ਬੱਚਨ ਬਰਦਾਸ਼ਤ ਨਾ ਕਰਦਾ ਹੋਇਆ, ਹੁਣ ਉਸ ਨਾਲ ਫਿਲਮਾਂ ਸਾਈਨ ਕਰਨ ਤੋਂ ਵੀ ਝਿਜਕਣ ਲਗ ਪਿਆ ਹੈ।

LOTTO 649

GRAND OPENING
FOR YOUR 649 LOTTO CENTRE

Play your lotto Number

You might be the next millionair - meanwhile SAVE -

SAVE shopping at :

AMBIKA FOODS

5125 Victoria Drive
Vancouver, B.C. Canada

PHONE: 327—0295

SALES START FROM
DECEMBER 3 to 12, 1982

ALMONDS 3Lbs. 5.99	**SPLIT PEAS** .29 ¢ Lb.	**GREEN LENTILS MASSAUR** .39 ¢ Lb.	**LONG GRAIN RICE** 10 Kg. or 25 Lbs. 6.99
GARLIC .69 ¢ Lb.	**MOONG** .39 ¢ Lb.	**VEGETABLE OIL** 3 Litre 2.99	**PUNJABI TINDA** .99 ¢
PISTA 6.99 Lb.	**GINGER** .89 ¢ Lb.	**LAMB CHOP** 1.79 Lb.	**FRESH SHRIMP** 1.99 Lb.
CHICKEN LEGS 1.39 Lb.	**CASHEW** GRADE A 3.99 Lb.	**CHICK PEAS** .67 ¢ each Can	**FARIN ROTI ATTA** 10 Kg. 3.99
MANH .39 ¢ Lb.	**BASMATI RICE** .69 ¢ Lb.	**PARBOIL RICE** 25 Lbs. or 10 Kg. 11.99	**VEGETABLE OIL** 16 Litre Pail 15.99
HALDI POWDER .99 ¢Lb.	**GOAT MEAT** 2.89 Lb.	**10 Kg. SUGAR** 4.99	**SUNFLOWER** 3Litre 4.29
CORN ROTI 6 AND CAN SAAG 1.99	**KULCHA** AVAILABLE NOW		**MEDIUM SIZE ONION 50 Lb.** 3.99

We reserve The Right to limit Qantities.